# ਭਾਗ 1

"ਭਰਮ" (Illusion) ਕਿਸੇ ਸ਼ੈ ਦੀ ਬਾਬਤ :—

ਸੁਣਿਆ—ਸੁਣਾਇਆ
ਪੜ੍ਹਿਆ—ਪੜ੍ਹਾਇਆ
ਸਮਝਾਇਆ—ਸਮਝਾਇਆ
ਓਪਰਾ
ਅਧੂਰਾ
ਗਲਤ

**ਦ੍ਰਿੜ੍ਹ ਕੀਤਾ ਹੋਇਆ**

ਖ਼ਿਆਲ
ਸੋਝੀ
ਜਾਣਕਾਰੀ
ਗਿਆਨ
**ਨਿਸਚਾ**

ਹੈ, ਜੋ ਉਸ 'ਸ਼ੈ' ਦੀ 'ਅਸਲੀਅਤ' ਯਾ **'ਹਕੀਕਤ' ਤੋਂ 'ਉਲਟ'** ਹੋਵੇ ।

ਇਹ ਮਾਨਸਿਕ 'ਭਰਮ' ਕਿਸਮਾਂ (different Kinds) ਤੇਹਾਂ (planes), ਦਰਜਿਆਂ (degrees) ਵਿਚ ਪਰਵਿਰਤ ਹੈ, ਜਿਹਾ ਕਿ :-

ਦ੍ਰਿਸ਼ਟਮਾਨ ਸੰਸਾਰ ਦੀ ਬਾਬਤ ਭਰਮ
ਅਦ੍ਰਿਸ਼ਟ ਮੰਡਲਾਂ ਬਾਰੇ ਭਰਮ
ਪਰਮਾਰਥ ਬਾਰੇ ਭਰਮ
ਧਾਰਮਿਕ ਪਾਠ ਪੂਜਾ ਕਰਮ-ਕ੍ਰਿਆ ਦੀ ਬਾਬਤ ਭਰਮ
ਧਰਮ ਪ੍ਰਚਾਰ ਬਾਰੇ ਭਰਮ
ਸਾਧੂਆਂ, ਸੰਤਾਂ, ਫ਼ਕੀਰਾਂ ਬਾਰੇ ਭਰਮ
ਗੁਰੂਆਂ ਤੇ ਅਵਤਾਰਾਂ ਬਾਰੇ ਭਰਮ
ਪਾਪ, ਪੁੰਨ ਬਾਰੇ ਭਰਮ
'ਭਾਗਾਂ' ਬਾਰੇ ਭਰਮ



# Bharam Part 1

*Bharam* or Illusion is

something heard or something told
something explained or something taught
something unfamiliar
something incomplete
something erroneous

about a thing that has got ingrained into ones

thought
understanding
information
knowledge
belief

which is the opposite to the 'true nature' or the 'truth' of that thing.

This mental 'illusion' has the tendency to appear in different forms, planes and degrees as for example

illusion about the visible world
illusion about the invisible realms
illusion about spirituality
illusion about recitation of Bani, worship, rites and rituals
illusion about religious preaching
illusion about sadhus, sants, fakirs
illusion about gurus and prophets
illusion about vice, charity
illusion about destiny

ਆਪਣੇ ਜੋਤ-ਸਰੂਪ 'ਆਪੇ' ਬਾਰੇ ਭਰਮ
ਜੀਵਨ ਬਾਰੇ ਭਰਮ
ਮੌਤ ਬਾਰੇ ਭਰਮ
ਮੁਕਤੀ ਬਾਰੇ ਭਰਮ, ਆਦਿ ।

ਦੂਸਰੇ ਲਫ਼ਜ਼ਾਂ ਵਿਚ ਸੰਸਾਰ ਵਿਚ **ਅਨੇਕਾਂ 'ਭਰਮਾਂ' ਦਾ ਬੋਲਬਾਲਾ ਅਤੇ ਵਰਤ-ਵਰਤਾਰਾ ਹੈ ।**

ਰੱਬੀ ਕਾਇਨਾਤ ਵਿਚ ਦੋ ਮੰਡਲ ਹਨ :—

1. **'ਆਤਮਿਕ ਮੰਡਲ'** ਅਥਵਾ ਨਿਰਗੁਣ ਸਰੂਪ'
2. **ਤ੍ਰੈਗੁਣੀ 'ਮਾਇਕੀ ਮੰਡਲ'** ਅਥਵਾ 'ਸਰਗੁਣ ਸਰੂਪ'

'ਆਤਮਿਕ-ਮੰਡਲ' ਵਿਚ **ਆਤਮਿਕ 'ਤੱਤ ਗਿਆਨ' ਦਾ 'ਸਵੈ-ਪ੍ਰਕਾਸ਼' ਹੈ ।**

ਜਿਸ ਤਰਾਂ ਸੂਰਜ ਦੇ ਪ੍ਰਕਾਸ਼ ਵਿਚ 'ਹਨੇਰੇ' ਦੀ **ਅਣਹੋਂਦ ਹੈ**, ਅਰਥਾਤ 'ਹਨੇਰਾ' ਹੋ ਹੀ ਨਹੀਂ ਸਕਦਾ, ਇਸੇ ਤਰਾਂ **ਆਤਮਿਕ-ਮੰਡਲ ਦੇ 'ਪ੍ਰਕਾਸ਼' ਵਿਚ, 'ਭਰਮ' ਦਾ ਹਨੇਰਾ** ਹੋ ਹੀ ਨਹੀਂ ਸਕਦਾ । ਦੂਜੇ ਲਫ਼ਜ਼ਾਂ ਵਿਚ **'ਆਤਮ-ਪ੍ਰਕਾਸ਼' ਦੀ ਅਣਹੋਂਦ** ਯਾ ਗੈਰ-ਹਾਜ਼ਰੀ ਨੂੰ **ਹੀ 'ਭਰਮ' ਕਿਹਾ ਗਿਆ ਹੈ ।**

ਬਾਝੁ ਗੁਰੂ ਹੈ ਅੰਧ ਗੁਬਾਰਾ ॥
ਅਗਿਆਨੀ ਅੰਧਾ ਅੰਧੁ ਅੰਧਾਰਾ ॥ (ਪੰਨਾ—116)
ਬਾਝੁ ਗੁਰੂ ਸਭ ਭਰਮਿ ਭੁਲਾਈ ॥
ਬਿਨੁ ਨਾਵੈ ਬਹੁਤਾ ਦੁਖੁ ਪਾਈ ॥ (ਪੰਨਾ—158)
ਬਾਝੁ ਗੁਰੂ ਗੁਬਾਰ ਹੈ ਬਿਨੁ ਸਬਦੈ ਬੂਝ ਨ ਪਾਇ ॥ (ਪੰਨਾ—55)

ਆਤਮ ਪ੍ਰਕਾਸ਼-ਰੂਪੀ 'ਸ਼ਬਦ' ਅਥਵਾ 'ਨਾਮ' ਹੀ-ਇਕੋ ਇਕ, ਸਚਾ, ਅਟੱਲ, ਸਰਬੱਗ 'ਗੁਰੂ' ਆਖਿਆ ਜਾ ਸਕਦਾ ਹੈ—ਜਿਸ ਦੇ **ਪ੍ਰਕਾਸ਼ ਦੇ ਤੇਜ ਨਾਲ ਹੀ, ਭਰਮ ਦਾ ਅੰਧ ਗੁਬਾਰ ਮਿਟ ਸਕਦਾ ਹੈ** ਅਤੇ ਆਤਮ 'ਤਤ-ਗਿਆਨ' **ਦੀ** ਸੋਝੀ ਹੋ ਸਕਦੀ ਹੈ ।

ਜਿਸ ਤਰਾਂ ਸੂਰਜ ਚੜ੍ਹਨ ਨਾਲ ਕਾਲੀ-ਬੋਲੀ 'ਰਾਤ' ਅਤੇ ਉਸ ਤੋਂ ਉਪਜਿਆ 'ਹਨੇਰਾ', ਆਪੇ ਛਾਈਂ-ਮਾਈਂ ਹੋ ਜਾਂਦਾ ਹੈ-ਕੱਢਣਾ ਯਾ ਢੋਣਾ ਨਹੀਂ ਪੈਂਦਾ ਇਸੇ ਤਰਾਂ ਹਿਰਦੇ ਵਿਚ **'ਨਾਮ ਦਾ ਸੂਰਜ' ਉਦੇ ਹੋਣ ਨਾਲ** ਤ੍ਰੈਗੁਣੀ ਮਾਇਕੀ ਮੰਡਲ, ਅਤੇ ਉਸ ਤੋਂ ਉਪਜਿਆ ਅਗਿਆਨਤਾ ਰੂਪੀ **'ਭਰਮ ਦਾ ਹਨੇਰਾ', ਆਪ-ਮੁਹਾਰੇ ਅਲੋਪ ਹੋ ਜਾਂਦਾ ਹੈ,** ਅਤੇ ਸਭ ਪਾਸੇ, ਚਾਰ-ਚੁਫੇਰੇ, ਓਤ-ਪੋਤ, 'ਨਾਮ' ਦੇ ਪ੍ਰਕਾਸ਼ ਦੀ ਰੋਸ਼ਨੀ ਹੋ ਜਾਂਦੀ ਹੈ । ਇਸ 'ਆਤਮਿਕ ਰੋਸ਼ਨੀ' ਦੇ 'ਚਾਨਣ' ਅਥਵਾ **'ਅਨੁਭਵੀ-ਪ੍ਰਕਾਸ਼' ਨਾਲ**



illusion about the embodiment of light of our innate Self within
illusion about life
illusion about death
illusion about salvation etc.

In other words numerous illusions play a dominant role and influence dealings in this world.

In God's creation there are two realms:-

1 The 'spiritual realm' or the formless form
2 'Trigun' (three phased) materialistic realm or the visible form

The 'Self-illumination' of the spiritual 'essence knowledge' exists in the spiritual realm.

Just as there is there is the absence of darkness in the illumination of the sun, meaning darkness cannot exist at all, in the same way in the 'illumination' of the spiritual realm, the darkness of 'illusion' can never exist. In other words the nonexistence of 'spiritual-illumination' or its absence is what is called 'illusion'.

1 *Without the Guru, there is only pitch darkness.*
*The ignorant ones are blind-there is only utter darkness for them.* *116*

2 *Without the Guru, everyone wanders in doubt.*
*Without the Name, they suffer in terrible pain.* *158*

3 *Without the Guru, there is only pitch darkness; without the Shabad, understanding is not obtained.* *55*

*'Shabad'*, the illuminated embodiment of the divine, or 'Naam', indeed is the one and only one which can be called the true, eternal, dominant 'Guru' – which with the strength of Its illumination can erase the pitch darkness of illusion and allow the awareness of the 'essence –knowledge' of the Self to take place.

Just as with the rising of the sun, the black-dumb 'night' and the 'darkness' that arose from it, disappears by itself – it doesn't have to be thrown or carried out; in the same way, with the emergence of the 'sun of Naam' in the heart, the three phased realm of materialism and its embodiment of ignorance, 'the illusion of darkness', that sprouted from it, disappears by itself, and everywhere, all around, interwoven and intertwined, the illumination of the manifestation of light of the 'Naam' takes place. With the 'light' of this 'spiritual illumination' or 'intuitional illumination'

ਗਿਆਨ 'ਪ੍ਰਾਪਤ ਹੋ ਜਾਂਦਾ ਹੈ, ਅਤੇ ਹਰ ਤਰਾਂ ਦੇ ਮਾਨਸਿਕ ਭੁਲੇਖੇ ਅਤੇ 'ਭਰਮ', ਸਹਿਜ-ਸੁਭਾਇ ਮਿਟ ਜਾਂਦੇ ਹਨ।

ਦੀਵਾ ਬਲੈ ਅੰਧੇਰਾ ਜਾਇ ॥
ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥
ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥ (ਪੰਨਾ—791)

ਇਸ ਗਲ ਨੂੰ ਸਪਸ਼ਟ ਤੌਰ ਤੇ ਸਮਝਣ ਲਈ, 'ਅੰਨ੍ਹਿਆਂ ਦੀ ਹਾਥੀ ਬਾਬਤ ਸੋਝੀ' ਵਾਲੀ ਮਿਸਾਲ ਠੀਕ ਢੁਕਦੀ ਹੈ। ਜਮਾਂਦਰੂ ਅੰਨ੍ਹਿਆਂ ਨੂੰ 'ਹਾਥੀ', ਅਥਵਾ ਹਰ ਇਕ ਚੀਜ਼ ਬਾਬਤ—

ਖ਼ਿਆਲ
ਸੋਝੀ
ਜਾਣਕਾਰੀ
ਵਿਚਾਰ
ਗਿਆਨ
ਨਿਸਚਾ

ਉਹਨਾਂ ਦੇ—

ਸੁਣੇ—ਸੁਣਾਏ
ਸਮਝੇ—ਸਮਝਾਏ
ਛੋਹ ਦੀ ਸੋਝੀ
ਟੋਹ ਦੀ ਜਾਣਕਾਰੀ

ਦੁਆਰਾ, ਪ੍ਰਾਪਤ ਕੀਤੀ ਦਿਮਾਗੀ ਕਲਪਨਾ ਉਤੇ 'ਆਧਾਰਤ' ਹੈ। ਐਸਾ ਅੱਡੋ—ਅੱਡ ਮਨੋਕਲਪਤ ਗਿਆਨ ਯਾ ਨਿਸਚਾ—

ਓਪਰਾ
ਅਧੂਰਾ
ਗਲਤ
ਮੁਤਜ਼ਾਦ
ਉਲਟ

ਹੋਣਾ ਸੁਭਾਵਕ ਅਤੇ 'ਲਾਜ਼ਮੀ' ਹੈ।



divine knowledge is acquired, and all types of mental fallacies and 'illusions' automatically get erased.

*When the lamp is lit, the darkness is dispelled;*
*Reading the Vedas, sinful intellect is destroyed.*
*When the sun rises, the moon is not visible.*
*Wherever spiritual wisdom appears, ignorance is dispelled.* 791

To further clarify this point, the example of the blind (people's) understanding of an elephant is very apt. The

thought
awareness
information
thinking
knowledge
belief

of those who are blind from birth about an 'elephant' or (for that matter) any other thing, depends upon –

what they hear or are made to hear
what they understand or are made to understand
their perception of the touch
their information attained by touching

that is acquired through mental imagination. Such distinctly acquired imaginative knowledge or belief is naturally bound to be –

superficial
incomplete
wrong
conflicting (and)
contrary.

ਇਸ ਨੂੰ **'ਭਰਮ' ਅਥਵਾ 'ਵਹਿਮ' ਆਖਿਆ ਜਾਂਦਾ ਹੈ :—**

ਮਾਧਵੇ ਕਿਆ ਕਹੀਐ ਭ੍ਰਮੁ ਐਸਾ ॥
**ਜੈਸਾ ਮਨੀਐ ਹੋਇ ਨ ਤੈਸਾ** ॥੧॥ ਰਹਾਉ ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ, ਅਬ ਕਹਤੇ ਕਹਨੁ ਨ ਆਇਆ ॥
(ਪੰਨਾ—657)

**ਬਜਰ ਕਪਾਟ ਕਾਇਆ ਗੜੁ ਭੀਤਰਿ**
**ਕੂੜੁ ਕਸਤੁ ਅਭਿਮਾਨੀ ॥**
**ਭਰਮਿ ਭੂਲੇ ਨਦਰਿ ਨ ਆਵਨੀ**
**ਮਨਮੁਖ ਅੰਧ ਅਗਿਆਨੀ ॥** (ਪੰਨਾ—514)

ਪ੍ਰਮਾਤਮਾ ਨੇ ਆਪਣੀ ਮੌਜ ਵਿਚ-'ਕਵਾਉ' ਦੁਆਰਾ, ਇਹ **ਸਰਗੁਣ ਸਰੂਪ ਮਾਇਕੀ ਮੰਡਲ** ਰਚਿਆ ਤੇ ਇਸ ਵਿਚ ਆਪਣੀ 'ਜੋਤਿ' ਰਖਕੇ ਅਣਗਿਣਤ ਜੀਵ ਸਾਜੇ। ਇਹਨਾਂ ਜੀਵਾਂ ਦੇ **ਮਨ ਉਤੇ ਹਉਮੈ ਦਾ ਗਿਲਾਫ਼ ਯਾ ਪੜਦਾ ਚੜ੍ਹਿਆ ਹੋਣ ਕਰਕੇ** ਇਹਨਾਂ ਨੂੰ ਆਪੋ ਆਪਣੀ **'ਅੱਡਰੀ ਹਸਤੀ' ਮਹਿਸੂਸ ਹੁੰਦੀ ਹੈ।**

ਤ੍ਰੈਗੁਣ ਮਾਇਆ ਭਰਮਿ ਭੁਲਾਇਆ
**ਹਉਮੈ ਬੰਧਨ ਕਮਾਏ** ॥ (ਪੰਨਾ—604)

**ਹਉਮੈ ਮੇਰਾ ਭਰਮੈ ਸੰਸਾਰ** ॥ (ਪੰਨਾ—841)

**ਦੂਜੈ ਭਰਮਿ ਭੁਲਾਇਆ ਹਉਮੈ ਦੁਖੁ ਪਾਹੀ** ॥ (ਪੰਨਾ—1091)

ਦੁਬਿਧਾ ਦੁਰਮਤਿ ਅਧੁਲੀ ਕਾਰ ॥
**ਮਨਮੁਖਿ ਭਰਮੈ ਮਝਿ ਗੁਬਾਰ ॥**.........
ਮਨਮੁਖਿ ਅੰਧੁਲੇ ਗੁਰਮਤਿ ਨ ਭਾਈ ॥
**ਪਸੂ ਭਏ ਅਭਿਮਾਨੁ ਨ ਜਾਈ ॥** (ਪੰਨਾ—1190)

ਹਉਮੈ ਵਿਚਿ ਸਭੁ ਜਗੁ ਬਉਰਾਨਾ ॥
**ਦੂਜੈ ਭਾਇ ਭਰਮਿ ਭੁਲਾਨਾ ॥** (ਪੰਨਾ—159)

ਇਸ ਗਲ ਨੂੰ ਸਪਸ਼ਟ ਕਰਨ ਲਈ ਬਿਜਲੀ ਦੇ 'ਬਲਬਾਂ' (bulbs) ਦੀ ਮਿਸਾਲ ਠੀਕ ਢੁਕਦੀ ਹੈ।



This is called 'illusion' or 'fallacy' (mistaken belief).

1 *O Lord, what can I say about such an illusion?*
*Things are not as they seem. ||1||Pause||*
*It is like the king, who falls asleep upon his throne, and dreams that he is a beggar.*
*His kingdom is intact, but separated from it, he suffers in sorrow. Such is my own condition. ||2||*
*Like the story of the rope mistaken for a snake, the mystery has now been explained to me.*
*Like the many bracelets, which I mistakenly thought were gold; now, I do not say what I said then.* 657

2 *Within the fortress of body, are the hard and rigid doors of falsehood, deception and pride.*
*Deluded by doubt, the blind and ignorant self-willed manmukhs cannot see them.* 514

The Primal Being Waheguru in His joy, brought into being this form-filled materialistic world through the 'Word' and placing His 'light' in it He created unlimited life forms. As the shroud of egotism is covering the minds of these life-forms, they are able to experience their individual separate being-ness.

3 *The three-faced Maya had led them astray in doubt, and they are snared by the noose of egotism.* 604

4 *In egotism and self-conceit, the world wanders in delusion.* 841

5 *He is deluded by duality and doubt. In egotism, he suffers in pain.* 1091

6 *In duality and evil-mindedness, the mortal acts blindly.*
*The self-willed manmukh wanders, lost in the darkness...........*
*The manmukh is blind; he does not like the Guru's Teachings.*
*He has become a beast; he cannot get rid of his egotistical pride.* 1190

7 *The entire world has gone insane in egotism.*
*In the love of duality, it wanders deluded by doubt.* 1159

To clarify this point the example of the bulb is most apt.

ਇਹਨਾਂ ਬਲਬਾਂ ਵਿਚ ਇਕੋ ਬਿਜਲੀ ਦਾ ਕਰੰਟ (current) ਚਲ ਰਿਹਾ ਹੁੰਦਾ ਹੈ, ਪਰ ਬਲਬ (bulb) ਅਨੇਕਾਂ ਰੰਗਾਂ, ਸ਼ਕਲਾਂ ਅਤੇ ਅਕਾਰਾਂ ਦੇ ਹੁੰਦੇ ਹਨ, ਜਿਸ ਰਾਹੀਂ ਅਨੇਕਾਂ ਰੰਗਾਂ ਦੀ ਰੋਸ਼ਨੀ-ਲਾਲ, ਪੀਲੀ, ਹਰੀ, ਨੀਲੀ, ਆਦਿ, ਪ੍ਰਕਾਸ਼ਤ ਹੁੰਦੀ ਹੈ।

ਜੇ ਕਰ 'ਬਲਬ' ਇਹ ਸਮਝੇ, ਕਿ ਇਹ ਰੰਗੀਨ ਰੋਸ਼ਨੀ **ਮੇਰੀ 'ਆਪਣੀ' ਹੈ**-ਤਾਂ ਉਸ ਦਾ **ਇਹ 'ਦਾਅਵਾ'**

**ਭੁਲ ਹੈ,**
**ਭੁਲੇਖਾ ਹੈ,**
**ਭਰਮ ਹੈ,**
**ਫੋਕਾ ਹੈ,**
**ਝੂਠਾ ਹੈ,**

ਅਤੇ ਆਪਣੇ 'ਮੂਲ' ਸੋਮੇ ਕਰੰਟ Current) ਜਾਂ 'ਜੀਵਨ-ਰੌ' ਨੂੰ

**ਭੁਲਣਾ ਹੈ।**
ਬੇਮੁਖ-ਹੋਣਾ ਹੈ।
ਅਸ਼ਰਧਕ ਹੋਣਾ ਹੈ।
**ਇਨਕਾਰ ਕਰਨਾ ਹੈ।**

ਐਨ ਇਸੇ ਤਰਾਂ, ਸਾਰਿਆ 'ਜੀਵਾਂ' ਵਿਚ **ਇਕੋ 'ਰੱਬੀ ਜੋਤਿ ਕੰਮ ਕਰਦੀ ਹੈ**- ਜਿਸ ਦੁਆਰਾ ਜੀਵ ਦੀ 'ਹੋਂਦ' ਅਤੇ 'ਪ੍ਰਕ੍ਰਿਤੀ' ਚਲ ਰਹੀ ਹੈ, ਪਰ 'ਜੀਵ' ਆਪਣੀ **ਹਉਮੈ ਕਾਰਨ 'ਮੂਲ' ਰੱਬੀ 'ਜੋਤਿ' ਨੂੰ 'ਭੁਲ' ਗਿਆ ਹੈ**, ਅਤੇ ਆਪਣੀ **'ਅੱਡਰੀ' ਝੂਠੀ ਹੋਂਦ ਨੂੰ ਹੀ ਅਸਲੀ 'ਹਸਤੀ' ਸਮਝੀ ਬੈਠਾ ਹੈ**, ਅਤੇ **ਕੂੜੀ 'ਹਉਮੈ' ਦੇ 'ਭਰਮ' ਦੇ 'ਧੁਰੇ'** (axle) **ਉਦਾਲੇ ਸਾਰੀ ਉਮਰ ਘੁੰਮਦਾ**, ਕਰਮ ਕਰਦਾ ਅਤੇ ਨਤੀਜੇ ਭੁਗਤਦਾ ਹੈ।

**ਤ੍ਰੈਗੁਣ ਵਰਤਹਿ ਸਗਲ ਸੰਸਾਰਾ,**
**ਹਉਮੈ ਵਿਚਿ ਪਤਿ ਖੋਈ ॥** (ਪੰਨਾ—604)

ਛਨਿਛਰਵਾਰਿ ਸਉਣ ਸਾਸਤ ਬੀਚਾਰੁ ॥
**ਹਉਮੈ ਮੇਰਾ ਭਰਮੈ ਸੰਸਾਰ ॥**
ਮਨਮੁਖੁ ਅੰਧਾ ਦੂਜੈ ਭਾਇ ॥
ਜਮ ਦਰਿ ਬਾਧਾ ਚੋਟਾ ਖਾਇ ॥ (ਪੰਨਾ —841)



In these bulbs the electric current is flowing, but the bulbs are of various colours, forms and shapes, through which the different coloured light – red, yellow, green, blue, etc flows and manifests itself.

If the bulb believes that the coloured light is its own, then its 'claim'

is a fallacy,
is a mistake,
is an illusion,
is hollow,
is false,

and this claim is tantamount to

forgetting
turning away
losing faith
denying

its 'root' source of current or 'life-current'.

Exactly in the same way, there is only one Divine light operating in all the 'life-forms,' and it is through this (Divine Light) that man's individuality and the creation are operating. But because of his egotism, man has forgotten his 'root', the Divine Light, and keeps regarding his 'separate' false entity as his true identity, and all his life he keeps going around the illusion's axle of false egotism, doing things and facing the consequences.

1 *The three qualities permeate the whole world;*
*acting in ego, it loses its honor.*
604

2 *Saturday: Contemplating good omens and the Shaastras,*
*in egotism and self-conceit, the world wanders in delusion.*
*The blind, self-willed manmukh in engrossed in the love of duality.*
*Bound and gagged at death's door, he is beaten and punished.* 841

ਹੇ ਜਨਮ ਮਰਣ ਮੂਲੰ ਅਹੰਕਾਰੰ ਪਾਪਾਤਮਾ ॥.........

**ਭ੍ਰਮ ਭਯਾਨ ਉਦਿਆਨ ਰਮਣੰ**

ਮਹਾ ਬਿਕਟ ਅਸਾਧ ਰੋਗਣਹ ॥ (ਪੰਨਾ—1358)

ਅਸਲ ਵਿਚ, ਜਦ ਅਕਾਲ ਪੁਰਖ ਦੇ ਕਵਾਉ ਦੁਆਰਾ 'ਮਾਇਆ' ਦੀ **'ਰਚਨਾ'** ਹੋਈ ਤਾਂ :—

**ਹਉਮੈ**<br>
**ਦੂਜਾ ਭਾਉ**<br>
**ਮੈ-ਮੇਰੀ**<br>
**ਆਪਣੇ-ਪਰਾਏ**

**ਦੀ ਭਾਵਨਾ ਤੋਂ 'ਭਰਮ' ਉਤਪੰਨ ਹੋਇਆ** ਅਤੇ **ਇਉਂ ਇਹ ਭਰਮ ਅਤੇ ਭੁਲੇਖਾ, ਕਾਇਨਾਤ ਦੇ ਅਰੰਭ ਤੋਂ ਹੀ ਪ੍ਰਚਲਤ ਹੈ।**

**ਜਿਨਿ ਰਚਿ ਰਚਿਆ ਪੁਰਖਿ ਬਿਧਾਤੈ**<br>
**ਨਾਲੇ ਹਉਮੈ ਪਾਈ ॥** (ਪੰਨਾ—999)

ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ ਹੋਇ ॥ (ਪੰਨਾ—560)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ॥ (ਪੰਨਾ—39)

**ਇਸ ਲਈ ਇਹ 'ਭਰਮ-ਭੁਲੇਖਾ' ਅਨੇਕਾਂ ਜਨਮਾਂ ਤੋਂ ਸਾਡੇ**

**ਮਨਾਂ ਵਿਚ**<br>
**ਹਿਰਦਿਆਂ ਵਿਚ**<br>
**ਦਿਮਾਗ ਵਿਚ**<br>
**ਅੰਤ੍ਰਿਸ਼ਕਰਨ ਵਿਚ**<br>
**ਧਸ**<br>
**ਵਸ**<br>
**ਰਸ**<br>
**ਸਮਾ**

**ਕੇ ਚਿੰਬੜਿਆ ਹੋਇਆ ਹੈ** ਅਤੇ ਸਾਡੇ **ਜੀਵਨ ਦਾ ਅਨਿਖੜਵਾਂ 'ਅੰਗ' ਅਤੇ 'ਆਧਾਰ' ਬਣ ਚੁਕਿਆ** ਹੈ।

ਇਸ ਤਰਾਂ ਇਹ 'ਭਰਮ' ਸਾਡੇ **ਜੀਵਨ ਦੇ ਹਰ ਪੱਖ ਅਥਵਾ—**

ਖ਼ਿਆਲ



1 *O egotism, you are the root of birth and death and the cycle of reincarnation; you are the very soul of sin...........*
*You lead them to wander lost in the terrible wilderness of doubt; you lead them to contract the most horrible, incurable diseases.* 1358

In fact when the creation of *maya* or materialism came into being through the Word of the Primal Being, then from the tendency of

egotism<br>
love of another<br>
me-mine-ness<br>
ours – not ours

'illusion' came into being and in this way illusion and doubt has been in existence since the beginning of creation.

2 *The Primal Lord, the Architect of Destiny, formed your form; He also burdened you with egotism.* 999

3 *Egotism is within all bodies; through egotism, we come to be born.* 560

4 *The world is polluted with the filth of egotism, suffering in pain. This filth sticks to them because of their love of duality.* 39

This is why from numerous births this 'doubt-fallacy' has leeched on

into our minds<br>
into our hearts<br>
into our intellect<br>
into our sub-conscious (into which it has)<br>
penetrated<br>
resided<br>
diffused<br>
permeated

and it has become an inseparable 'part' and 'prop' of our life.

In this way this 'illusion' exists in every aspect of our life's

thought

ਸੋਚਣੀ
ਕਲਪਨਾ
ਸੋਝੀ
ਜਾਣਕਾਰੀ
ਸਿਆਣਪਾਂ
ਵਿਦਿਆ
ਗਿਆਨ
ਵਿਗਿਆਨ
ਫ਼ਿਲੌਸਫ਼ੀ
ਵਲਵਲੇ
ਨਿਸਚੇ
ਕਰਮ
ਧਰਮ

ਵਿਚ **ਪਰਵਿਰਤ** ਹੈ, ਅਤੇ ਸਾਡੇ **ਜੀਵਨ ਵਿਚ ਇਸੇ ਮੁਢਲੇ ਦ੍ਰਿੜ੍ਹ ਭਰਮ ਦਾ ਹੀ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੈ ।**

ਪਰ ਹੈਰਾਨੀ ਦੀ ਗੱਲ ਹੈ, ਕਿ ਅਸੀਂ ਆਪਣੇ **'ਭਰਮ-ਭੁਲੇਖੇ'** ਤੋਂ ਬਿਲਕੁਲ :—

ਅਗਿਆਤ
ਅਨਜਾਣ
ਅਗਿਆਨੀ
ਅਵੇਸਲੇ
ਬੇ-ਪ੍ਰਵਾਹ ਯਾ
ਮਚਲੇ

ਹੁੰਦੇ ਹੋਏ ਹਾਂ । ਇਥੋਂ ਤਾਈਂ ਕਿ ਅਸੀਂ **ਆਪਣੀ 'ਭਰਮ-ਮਈ' ਅਵਸਥਾ ਨੂੰ 'ਮੰਨਣ' ਲਈ ਭੀ ਤਿਆਰ ਨਹੀਂ** !!

**ਬਜਰ ਕਪਾਟ ਕਾਇਆ ਗੜ੍ਹ ਭੀਤਰਿ**
**ਕੂੜੁ ਕੁਸਤੁ ਅਭਿਮਾਨੀ ॥**
**ਭਰਮਿ ਭੂਲੇ ਨਦਰਿ ਨ ਆਵਨੀ**
**ਮਨਮੁਖ ਅੰਧ ਅਗਿਆਨੀ ॥** (ਪੰਨਾ—514)

ਗੁਰਬਾਣੀ ਵਿਚ **ਸਾਡੀ 'ਭਰਮ' ਵਾਲੀ ਅਵਸਥਾ ਨੂੰ ਇਉਂ** ਦਰਸਾਇਆ ਹੈ :—



thinking
imagination
awareness
information
intelligence
education
knowledge
science
philosophy
emotions
tendencies
actions
religion

and in our life it is this primary ingrained illusion that is dominant and operative.

But the surprising thing is that we are completely:-

unfamiliar
ignorant
illiterate
indifferent
unconcerned or even
feigning ignorance

about our doubt fallacy to the extent that we are not even prepared to acknowledge our doubt or illusion-filled state.

*Within the fortress of body,*
*are the hard and rigid doors of falsehood, deception and pride.*
*Deluded by doubt, the blind and ignorant self-willed manmukhs cannot see them.* *514*

This state of 'illusion' has been depicted in Gurubani as follows:-

ਓਹੁ ਜੁ ਭਰਮੁ ਭੁਲਾਵਾ ਕਹੀਅਤ
ਤਿਨ ਮਹਿ ਉਰਝਿਓ ਸਗਲ ਸੰਸਾਰਾ ॥ (ਪੰਨਾ—611)
ਸਗਲ ਜਨਮ ਭਰਮ ਹੀ ਭਰਮ ਖੋਇਓ
ਨਹ ਅਸਥਿਰੁ ਮਤਿ ਪਾਈ ॥ (ਪੰਨਾ—632)
ਭਰਮੇ ਆਵੈ ਭਰਮੇ ਜਾਇ ॥
ਇਹੁ ਜਗੁ ਜਨਮਿਆ ਦੂਜੇ ਭਾਇ ॥ (ਪਨਾ—161)
ਐਸਾ ਤੈਂ ਜਗੁ ਭਰਮਿ ਲਾਇਆ ॥
ਕੈਸੇ ਬੂਝੈ ਜਬ ਮੋਹਿਆ ਹੈ ਮਾਇਆ ॥ (ਪੰਨਾ—92)

ਸਾਡੇ ਸਾਹਮਣੇ ਸਾਰੀਆਂ ਦ੍ਰਿਸ਼ਟਮਾਨ ਚੀਜਾਂ **ਬਦਲਦੀਆਂ ਅਤੇ ਨਾਸ ਹੁੰਦੀਆਂ ਰਹਿੰਦੀਆਂ** ਹਨ ।

ਇਹ ਸਮੁਚਾ ਸੰਸਾਰ ਵੀ ਕਈ ਵਾਰੀ **ਬਣਿਆ ਅਤੇ ਨਾਸ ਹੋਇਆ ।**

ਕਈ ਬਾਰ ਪਸਰਿਓ ਪਾਸਾਰ ॥
ਸਦਾ ਸਦਾ ਇਕੁ ਏਕੰਕਾਰ ॥ (ਪੰਨਾ—276)

ਇਸੇ ਲਈ ਗੁਰਬਾਣੀ ਵਿਚ ਇਸ ਸੰਸਾਰ ਨੂੰ—

ਚਲਾਇਮਾਨ
ਅਥਿਰ
ਨਾਸ਼ਵੰਤ
ਝੂਠਾ
ਕੂੜਾ
ਬਿਰਖ ਕੀ ਛਾਇਆ
ਸਹਸਾ ਰੂਪ
ਧੂੰਏਂ ਕਾ ਪਹਾੜ
**ਭਰਮ-ਗੜ੍ਹ**

ਆਦਿ; ਕਹਿ ਕੇ ਬਿਆਨਿਆ ਗਿਆ ਹੈ ।

ਇਹੁ ਸੰਸਾਰੁ **ਸਭੁ ਆਵਣ ਜਾਣਾ ॥**
ਮਨ ਮੂਰਖ ਚੇਤਿ ਅਜਾਣਾ ॥ (ਪੰਨਾ—607)
ਇਹੁ ਜਗੁ **ਧੂਏ ਕਾ ਪਹਾਰ ॥**
ਤੈ ਸਾਚਾ ਮਾਨਿਆ ਕਿਹ ਬਿਚਾਰਿ ॥ (ਪੰਨਾ—1187)
**ਸਹਸਾ ਇਹੁ ਸੰਸਾਰੁ ਹੈ** ਮਰਿ ਜੰਮੈ ਆਇਆ ਜਾਇਆ ॥ (ਪੰਨਾ—138)



1 *The whole world is entangled in what is called the delusion of doubt.* 611

2 *Deluded by doubt, I have wasted my whole life; I have not obtained a stable intellect.* 632

3 *In doubt he comes, and in doubt he goes.*
*This world is born out of the love of duality.* 161

4 *You have misled the world so deeply in doubt.*
*How can people understand You, when they are entranced by Maya?* 92

Right in front of us we see all the visible things undergoing change and getting destroyed.

This whole creation too has been created and destroyed many times.

5 *So many times, He has expanded His expansion.*
*Forever and ever, He is the One, the One Universal Creator* 276

This is why in Gurbani the creation has been referred to and narrated about as:-

transitory
unstable
destructible
false
fake
the shade of a tree
personification of sorrow
a mountain of smoke
fortress of illusion.

6 *This whole world is engrossed in coming and going; O my foolish and ignorant mind, be mindful of the Lord.* 607

7 *This world is just a hill of smoke.*
*What makes you think that it is real?* 1187

8 *This world is an illusion; it dies and it is re-born-it comes and it goes in reincarnation.* 138

**ਸੰਸਾ ਇਹੁ ਸੰਸਾਰੁ ਹੈ** ਸੁਤਿਆ ਰੈਣਿ ਵਿਹਾਇ ॥ (ਪੰਨਾ—36)

**ਜਗ ਝੂਠੇ** ਕਉ ਸਾਚੁ ਜਾਨਿ ਕੈ ਤਾ ਸਿਉ ਰੁਚ ਉਪਜਾਈ ॥ (ਪੰਨਾ—718)

ਪਰ ਇਸ ਧੁਰ ਕੀ ਬਾਣੀ ਨੂੰ—

ਪੜ੍ਹ ਕੇ
ਸੁਣ ਕੇ
ਸਮਝ ਕੇ
ਵਿਚਾਰ ਕੇ
ਵਿਆਖਿਆ ਕਰਕੇ
ਗਿਆਨ ਘੋਟ ਕੇ

**ਭੀ, ਸਾਡਾ ਮਨ ਝੂਠੇ ਸੰਸਾਰ ਨੂੰ ਸਚ ਕਰਕੇ ਮੰਨੀ ਬੈਠਾ ਹੈ ।**

ਅਸੀਂ ਆਪਣੇ ਅੰਤਿਸ਼ਕਰਨ ਦੀ ਰੰਗਤ ਅਨੁਸਾਰ, **'ਇਹ ਜਗ ਮਿਠਾ ਅਗਲਾ ਕਿਨ ਡਿਠਾ'** ਵਾਲੇ ਭਰਮ-ਭੁਲਾਵੇ ਦੇ ਅਸਰ ਹੇਠ

**ਝੂਠੀ ਦੁਨੀਆ ਲਗਿ ਨ ਆਪੁ ਵਞਾਈਐ ॥** (ਪੰਨਾ—488)

ਵਾਲੀ **ਤਾੜਨਾ ਨੂੰ ਛਿੱਕੇ ਉਤੇ ਟੰਗ ਕੇ, ਇਸ ਝੂਠੀ ਦੁਨੀਆਂ ਨੂੰ 'ਸਚ' ਕਰਕੇ ਮੰਨਿਆ ਹੋਇਆ ਹੈ,** ਅਤੇ ਇਸੇ ਵਿਚ ਹੀ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ :—

ਪਲਚਿ ਪਲਚਿ ਸਗਲੀ ਮੁਈ, ਝੂਠੈ ਧੰਧੈ ਮੋਹੁ ॥ (ਪੰਨਾ—133)

**ਮਨਮੁਖ ਦੁਖੀਏ ਸਦਾ ਭ੍ਰਮਿ ਭੂਲੇ,**
**ਤਿਨ੍ਹੀ ਬਿਰਥਾ ਜਨਮੁ ਗਵਾਇਆ ॥** (ਪੰਨਾ—852)

ਰੇਸ਼ਮ ਦਾ ਕੀੜਾ ਆਪਣੇ ਵਿਚੋਂ ਨਿਕਲੀ ਤਾਰ ਨਾਲ, ਪਹਿਲਾਂ ਆਪਣੇ **ਉਦਾਲੇ 'ਖੋਲ'** (Cone) **ਬਣਾ ਲੈਂਦਾ ਹੈ** ਅਤੇ ਫਿਰ ਉਸੇ ਬੰਦ ਖੋਲ ਦੇ ਅੰਦਰ ਹੀ ਆਪਣੇ ਵਿਚੋਂ ਨਿਕਲੀ ਤਾਰ ਦਾ **ਜਾਲ ਬਣਾਉਂਦਾ ਰਹਿੰਦਾ ਹੈ,** ਅਤੇ ਆਖਿਰ **ਉਸੇ ਵਿਚ ਹੀ ਦਮ ਘੁਟ ਕੇ ਮਰ ਜਾਂਦਾ ਹੈ ।** ਇਸੇ ਤਰ੍ਹਾਂ **'ਜੀਵ' ਆਪਣੇ ਉਦਾਲੇ ਹਉਮੈ ਦਾ ਖੋਲ (Cone) ਬਣਾ ਕੇ,** ਆਪਣੇ **ਕਰਮਾਂ ਦੇ ਫੰਦਿਆਂ ਵਿਚ ਫਸ ਜਾਂਦਾ ਹੈ ਤੇ ਕਰਮ-ਬੱਧ ਹੋ ਕੇ ਪਲਚ ਪਲਚ ਕੇ ਮਰ ਜਾਂਦਾ ਹੈ ।**

ਆਮ **ਭੋਲੀ** ਜਨਤਾ ਨੇ ਤਾਂ ਇਸ ਮਾਇਕੀ 'ਭਰਮ' ਵਿਚ ਗਲਤਾਨ ਹੋਣਾ ਹੀ ਹੈ, ਪਰ ਅਸੀਂ ਗਿਆਨੀ-ਧਿਆਨੀ, ਭਲੇ-ਭਲੇਰੇ, ਧਰਮ ਦੇ ਅਖੌਤੀ 'ਪ੍ਰਚਾਰਕ'



1 *This world is an illusion; people pass their life-nights sleeping.* 36

2 *I judge the false world to be true, and I have fallen in love with it.* 718

But even after

reading
listening
understanding
contemplating
expounding
philosophizing

this Bani (that has come) from the source (Waheguru Himself), our mind deems the illusory word to be true.

According to the hue or colour of our subconscious-mind and under the influence of illusory emotions, 'This world is beautiful; whoever has seen the one hereafter?',

we have indefinitely set-aside the warning (expressed in the following line of Gurbani)

3 *I would not have ruined myself by clinging to the world of falsehood.* 488

by believing in the truth of this illusory world and holding on to this belief, we are quite unnecessarily wasting away our precious life.

4 *Entangled and enmeshed in the love of false occupations, the whole world is perishing.* 133

5 *The miserable self-willed manmukhs are forever deluded by doubt; they waste away their lives uselessly.* 852

With the strand (thread), a silk worm produces from within itself, it weaves a cone around itself and in the enclosed cone it continues to weave the net from the strand it produces, and in the end it suffocates and dies in the cone itself. In the same way man builds a cone around himself, and gets caught in the entanglements of deeds, and bound up in action he dies entangled and enmeshed in it.

The (nature of) simple minded masses (is such that they) will definitely get trapped in this materialistic 'illusion', but we the scholars, the virtuous ones, the so-called preachers and

ਅਤੇ 'ਠੇਕੇਦਾਰ' ਭੀ ਇਸ **ਸੂਖਮ ਦਿਮਾਗੀ ਭਰਮ ਦੇ ਅੰਧਕਾਰ ਵਿਚ ਹੀ ਗੋਤੇ ਖਾ ਰਹੇ ਹਾਂ ।**

ਇਸ **'ਭਰਮ-ਗੜ੍ਹ' ਦੇ ਹਨੇਰ ਖਾਤੇ ਵਿਚ ਹੀ**, ਅਸੀਂ—

ਜੰਮਦੇ
ਜੀਉਂਦੇ
ਥੀਂਦੇ
ਕਰਮ ਕਰਦੇ
ਪਲਚਦੇ
ਦੁਖ-ਭੋਗਦੇ
ਮਰਦੇ
ਨਰਕ-ਭੋਗਦੇ
ਫਿਰ ਜੰਮਦੇ

ਹੋਏ, ਜੁਗਾਂ-ਜੁਗਾਂਤਰਾਂ ਤੋਂ **ਕਈ ਜਨਮ ਭੋਗ ਚੁਕੇ ਹਾਂ ।**

**ਭ੍ਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਦੀ ॥** (ਪੰਨਾ – 705)

ਪਰ **ਬਾਵਜੂਦ ਇਤਨੇ—**

**ਧਰਮਾਂ**
**ਮਜ਼ਹਬਾਂ**
**ਬਾਣੀਆਂ**
**ਗਿਆਨ**
ਧਿਆਨ
**ਪ੍ਰਚਾਰ**
**ਫ਼ਿਲੌਸਫ਼ੀਆਂ**
**ਕਰਮ-ਕ੍ਰਿਆ**
ਜੋਗ-ਅਭਿਆਸ
**ਪਾਠ-ਪੂਜਾ**

**ਦੇ**—ਸਾਨੂੰ ਅਜੇ ਤਾਈਂ ਇਸ **ਮਾਨਸਿਕ ਭਰਮ-ਭੁਲਾਵੇ** ਦੀ

**ਸੋਝੀ**
**ਪਹਿਚਾਨ**
**ਗਿਆਨ**
**ਨਿਸਚਾ**



'contractors' of religion, (we) too are whirl pooling in this darkness of subtle intellectual illusion.

Over eons of ages and numerous births we have indeed been

taking birth
living
existing
carrying on activities
getting entangled
suffering hardships
dying
living in hell
taking birth again

in this dark arena of the 'fortress of illusion'.

*Man wanders around in countless incarnations; he dies, only to be born again.* *705*

But despite so many

faiths
religions
religious texts
knowledge
contemplation
preaching
philosophies
rites-rituals
yogic practices
reading of scriptures and worship,

to this very day we have no

understanding
ability to recognize
knowledge
idea

**ਹੀ ਨਹੀਂ ਆਇਆ !!!**

ਸਗਲ ਜਨਮ ਭਰਮ ਹੀ ਭਰਮ ਖੋਇਓ
ਨਹ ਅਸਥਿਰੁ ਮਤਿ ਪਾਈ ॥ (ਪੰਨਾ—632)

**ਕਰਮ ਧਰਮ ਭੈ ਭਰਮ ਵਿਚਿ ਬਹੁ ਜੰਮਣ ਮਰਣੇ ॥** (ਵਾ: ਭਾ :ਗੁ: 38/12)

ਪਰ ਹੈਰਾਨੀ ਵਾਲੀ ਗਲ ਤਾਂ ਇਹ ਹੈ, ਕਿ ਗੁਰਬਾਣੀ ਵਿਚ ਇਸ ਭਰਮ ਦੀ ਬਾਬਤ ਇਤਨੀ **ਵਿਆਖਿਆ ਤੇ ਤਾੜਨਾ ਦੇ ਬਾਵਜੂਦ**, ਸਾਨੂੰ ਇਸ ਗਲ ਦਾ **ਨਿਸਚਾ ਹੀ ਨਹੀਂ ਆਇਆ ਕਿ ਅਸੀਂ ਭੀ ਉਸੇ ਹਉਮੈ ਦੇ ਭਰਮ-ਭੁਲਾਵੇ ਦੇ ਅੰਧਕਾਰ ਵਿਚ ਹੀ ਫਸ ਕੇ ਦੁਖੀ ਜੀਵਨ ਬਿਤਾ ਰਹੇ ਹਾਂ ।**

ਇਸ ਦਾ ਕਾਰਨ ਇਹ ਹੈ, ਕਿ ਭਾਵੇਂ ਅਸੀਂ **ਗੁਰਬਾਣੀ** ਨੂੰ ਮੱਥਾ ਟੇਕਦੇ ਹਾਂ ਅਤੇ ਗੁਰੂ ਮੰਨਦੇ ਹਾਂ, ਪਰ ਅਸਲ ਵਿਚ ਗੁਰਬਾਣੀ ਵਿਚ ਦਰਸਾਏ ਆਤਮਿਕ **'ਤੱਤ-ਗਿਅ ਨ' ਅਥਵਾ 'ਆਤਮ-ਪ੍ਰਕਾਸ਼' ਉਤੇ ਸਾਨੂੰ ਨਿਸਚਾ ਹੀ ਨਹੀਂ ਆਇਆ,** ਯਾ **ਓਪਰਾ ਜਿਹਾ ਦਿਮਾਗੀ ਵਿਸ਼ਵਾਸ ਹੁੰਦਾ ਹੈ,** ਜੋ ਮਾਇਆ ਦੇ ਥੋੜੇ ਜਿਹੇ ਲਿਸ਼ਕਾਰੇ ਨਾਲ ਉਡ-ਪੁਡ ਕੇ **ਛਾਈਂ-ਮਾਈਂ ਹੋ ਜਾਂਦਾ ਹੈ ।**

ਅਸਲ ਵਿਚ **ਆਤਮਿਕ ਪ੍ਰਕਾਸ਼ ਰੂਪ ਮੰਡਲ ਤੋਂ ਅਸੀਂ ਬਿਲਕੁਲ ਅਨਜਾਣ ਤੇ ਬੇਖਬਰ ਹਾਂ, ਜਾਣ-ਬੁਝ ਕੇ ਮਚਲੇ ਹੋਏ ਹੋਏ ਹਾਂ ਯਾ ਓਪਰੀ ਜਿਹੀ 'ਹਾਮੀ' ਭਰ ਛਡਦੇ ਹਾਂ ।** ਅਸੀਂ ਰੇਸ਼ਮ ਦੇ ਕੀੜੇ ਵਾਂਗ, ਆਪਣੀ ਹਉਮੈ ਦੇ **ਅੰਧ-ਗੁਬਾਰ 'ਭਰਮ ਗੜ੍ਹ' ਵਿਚ ਇਤਨੀ ਬੁਰੀ ਤਰ੍ਹਾਂ ਕੈਦ ਹਾਂ,** ਕਿ ਕਿਸੇ **ਆਤਮਿਕ-ਪ੍ਰਕਾਸ ਦੀ ਹੋਂਦ ਦਾ ਖਿਆਲ ਯਾ ਵਿਸ਼ਵਾਸ ਹੀ ਨਹੀਂ ਆਉਂਦਾ ।** ਇਸ ਲਈ ਧਰਮ ਅਥਵਾ ਪਰਮਾਰਥ ਦੀ ਬਾਬਤ ਅਸੀਂ **'ਠਾਠਾ-ਬਾਗਾ' ਹੀ ਕਰ ਛਡਦੇ ਹਾਂ,** ਅਤੇ ਆਪਣੇ ਆਪ ਨੂੰ 'ਧੋਖਾ' ਦੇ ਰਹੇ ਹਾਂ, **ਕਿ ਅਸੀਂ ਧਰਮੀ ਹਾਂ ।**

ਏਸੇ ਕਰਕੇ ਅਸੀਂ ਆਪਣੇ ਭਰਮ-ਭੁਲਾਵੇ ਦੇ ਹਨੇਰ ਖਾਤੇ ਵਿਚ—

| | | |
|---|---|---|
| ਸੱਚ | ਨੂੰ | ਝੂਠ |
| ਝੂਠ | ਨੂੰ | ਸੱਚ |
| ਬਿਨਸਨਹਾਰ | ਨੂੰ | ਸਥਿਰ |
| ਅੱਟਲ | ਨੂੰ | ਚਲਾਏਮਾਨ |
| ਪਰਾਏ | ਨੂੰ | ਆਪਣਾ |
| ਆਪਣੇ | ਨੂੰ | ਪਰਾਇਆ |
| ਨੇੜੇ | ਨੂੰ | ਦੂਰ |
| ਦੂਰ | ਨੂੰ | ਨੇੜੇ |



of this mental doubt-fallacy.

1 *Deluded by doubt, I have wasted my whole life; I have not obtained a stable intellect.* 632

2 *Getting stuck in such religious, ritualistic illusions, fear and doubt only leads to more transmigration.* VBG 38/12

But the surprising thing is that, despite so much explanation and warning about this illusion, we still haven't realised that we too, are trapped in the darkness of illusion or doubt-fallacy and living a life of suffering.

The reason for this is that despite bowing before Gurbani and accepting It as our Guru, the reality is that we have no confidence or faith in the 'essence-knowledge' or 'divine illumination' mentioned in Gurbani or we have only superficial intellectual faith which evaporates and vanishes with the slight flicker of materialism.

The truth is that we are totally ignorant and uninformed about the Divine Realm's Illumination, we are feigning ignorance or we pay superficial lip-service. Like the silk worm we are so badly imprisoned in the pitch-darkness of 'the fortress of illusion' of our egotism, that we have absolutely no idea or faith in the existence of Divine Illumination. That is why we put up a superficial show about religion or spirituality and in this way are 'cheating' ourselves by saying that we are religious.

That is why in the dark arena of our 'doubt-fallacy' we regard

| | | |
|---|---|---|
| truth | as | falsehood |
| false | as | truth |
| destructible | as | stable |
| immortal | as | perishable |
| what foreign | as | ours |
| what's ours | as | foreign |
| near | as | far |
| far | as | near |

L68/11

| | | |
|---|---|---|
| ਹਨੇਰੇ | ਨੂੰ | ਚਾਨਣਾ |
| ਪ੍ਰਕਾਸ਼ | ਨੂੰ | ਹਨੇਰਾ |
| ਮੌਤ | ਨੂੰ | ਜੀਵਨ |
| ਜੀਵਨ | ਨੂੰ | ਮੌਤ |

ਆਦਿ, ਸਮਝ ਕੇ ਆਪਣਾ ਅਮੋਲਕ ਜੀਵਨ ਅਜਾਈਂ ਗਵਾ ਰਹੇ ਹਾਂ !

ਐਸੇ ਕਾਹੇ ਭੂਲਿ ਪਰੇ ॥
ਕਰਹਿ ਕਰਾਵਹਿ ਮੂਕਰਿ ਪਾਵਹਿ ਪੇਖਤ ਸੁਨਤ ਸਦਾ ਸੰਗਿ ਹਰੇ ॥ ੧ ॥
ਰਹਾਉ ॥

ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ, ਸਾਜਨ ਤਿਆਗਿ ਖਰੇ ॥
ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥ ੧ ॥
ਅੰਧ ਕੂਪ ਮਹਿ ਪਰਿਓ ਪਰਾਨੀ ਭਰਮ ਗੁਬਾਰ ਮੋਹ ਬੰਧਿ ਪਰੇ ॥
ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੈ ਕਾਢੈ ਬਾਹ ਫਰੇ ॥ ੨ ॥
(ਪੰਨਾ—823)

ਖੋਟੇ ਕਉ ਖਰਾ ਕਹੈ ਖਰੇ ਸਾਰ ਨ ਜਾਣੈ ॥
ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੈ ॥ ੩ ॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ ॥
ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ ॥ ੪ ॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ ॥
ਪਰ ਕੀ ਕਉ ਅਪਨੀ ਕਹੈ ਅਪਨੋ ਨਹੀ ਭਾਇਆ ॥ ੫ ॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ ॥
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ ॥ ੬ ॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ ॥ ੭ ॥ (ਪੰਨਾ—22 )
ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥ ੧ ॥
ਕਹਹੁ ਗੁਸਾਈ ਮਿਲੀਐ ਕੇਹ ॥ ਜੋ ਬਿਬਰਜਤ ਤਿਸ ਸਿਉ ਨੇਹ ॥੧॥ ਰਹਾਉ ॥
**ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥੨॥**
**ਬਾਵੈ ਮਾਰਗੁ ਟੇਢਾ ਚਲਨਾ ॥ ਸੀਧਾ ਛੋਡਿ ਅਪੂਠਾ ਬੁਨਨਾ ॥ ੩ ॥**
(ਪੰਨਾ—185)

ਇਹ 'ਭਰਮ' ਸਿਰਫ਼ ਇਨਸਾਨਾਂ ਤਾਂਈਂ ਹੀ ਸੀਮਿਤ ਨਹੀਂ, ਬਲਕਿ ਸੁਰ, ਨਰ,



| | | |
|---|---|---|
| darkness | as | light |
| light | as | darkness |
| death | as | life |
| life | as | death |

etc and by so doing we are wasting away our precious life.

1 *Why do you wander in delusion like this?*
*You act, and incite others to act, and then deny it. The Lord is always with you;*
*He sees and hears everything. 1Pause.*
*You purchase glass, and discard gold; you are in love with your enemy, while*
*you renounce your true friend.*
*That which exists, seems bitter; that which does not exist, seems sweet to you.*
*Engrossed in corruption, you are burning away. 1*
*The mortal has fallen into the deep, dark pit, and is entangled in the darkness*
*of doubt, and the bondage of emotional attachment.*
*Says Nanak, when God becomes merciful, one meets with the Guru, who takes*
*him by the arm, and lifts him out.* 823

2 *He calls the counterfeit genuine, and does not know the value of the genuine.*
*The blind man is known as an appraiser; this Dark Age of Kali Yuga is so*
*strange! 3*
*The sleeper is said to be awake, and those who are awake are like sleepers.*
*The living are said to be dead, and no one mourns for those who have died. 4*
*One who is coming is said to be going, and one who is gone is said to have*
*come.*
*That which belongs to others, he calls his own, but he has no liking for that*
*which is his. 5*
*That which is sweet is said to be bitter, and the bitter is said to be sweet.*
*One who is imbued with the Lord's Love is slandered - his is what I have seen in*
*this Dark Age of Kali Yuga. 6*
*He serves the maid, and does not see his Lord and Master.*
*Churning the water in the pond, no butter is produced. 7* 22

3 *That which belongs to another - he claims as his own.*
*That which he must abandon - to that, his mind is attracted. 1*
*Tell me, how can he meet the Lord of the World?*
*That which is forbidden - with that, he is in love. 1 Pause*
*That which is false - he deems as true.*
*That which is true - his mind is not attached to that at all. 2*
*He takes the crooked path of the unrighteous way;*
*leaving the straight and narrow path, he weaves his way backwards. 2* 185

This 'illusion' is not only confined to humans, but also angels, seers

ਦੇਵੀ ਦੇਵਤਿਆਂ ਨੂੰ ਭੀ ਅਚੇਤ ਹੀ ਚਿੰਬੜਿਆ ਹੋਇਆ ਹੈ ।

ਪੁਰਾਤਨ ਸਮੇਂ ਅੰਦਰ 'ਦੇਵੀ-ਦੇਵਤਿਆਂ' ਦੀਆਂ ਗਾਥਾਵਾਂ ਤੋਂ ਸਿਧ ਹੁੰਦਾ ਹੈ ਕਿ ਉਹ ਭੀ ਤ੍ਰੈਗੁਣੀ ਮੈਂ-ਮੇਰੀ, ਈਰਖਾ-ਦਵੈਤ ਦੇ ਦੂਜੇ ਭਾਉ ਦੇ ਭਰਮ ਤੋਂ 'ਬਚ' ਨਹੀਂ ਸਕੇ ਜਿਸ ਕਾਰਨ ਉਹ ਇਕ ਦੂਜੇ ਨਾਲ ਸਾੜੇ ਵਿਚ ਖਹਿੰਦੇ ਰਹਿੰਦੇ ਸਨ ।

ਭਰਮੇ ਸੁਰਿਨਰ ਦੇਵੀ ਦੇਵਾ ॥
ਭਰਮੇ ਸਿਧ ਸਾਧਿਕ ਬ੍ਰਹਮਵਾ ॥ (ਪੰਨਾ—258)

ਬ੍ਰਹਮਾ ਬਿਸਨੁ ਮਹਾਦੇਉ ਤ੍ਰੈਗੁਣ ਭੁਲੇ ਹਉਮੈ ਮੋਹੁ ਵਧਾਇਆ ॥
ਪੰਡਿਤ ਪੜਿ ਪੜਿ ਮੋਨੀ ਭੁਲੇ ਦੂਜੈ ਭਾਇ ਚਿਤੁ ਲਾਇਆ ॥
ਜੋਗੀ ਜੰਗਮ ਸੰਨਿਆਸੀ ਭੁਲੇ ਵਿਣੁ ਗੁਰ ਤਤੁ ਨ ਪਾਇਆ ॥
(ਪੰਨਾ—852)

ਅਜ ਕਲ ਭੀ ਅਖੌਤੀ ਗੁਰੂ, ਸਾਧ, ਸੰਤ, ਗਿਆਨੀ, ਸੁਆਮੀ, ਆਚਾਰੀਆ, ਧਾਰਮਿਕ ਆਗੂ, ਪ੍ਰਚਾਰਕ ਅਤੇ 'ਭਲੇ-ਭਲੇਰੇ', 'ਬੁੱਧੀ-ਜੀਵੀ' ਭੀ ਇਸੇ ਤ੍ਰੈਗੁਣੀ ਮਾਨਸਿਕ 'ਭਰਮ' ਦੇ ਹਨੇਰ ਵਿਚ ਹੀ ਵਿਚਰਦੇ ਹਨ । ਤਾਂ ਹੀ ਇਹਨਾਂ ਦਾ ਆਪਸ ਵਿਚ ਵਾਦ-ਵਿਵਾਦ ਹੁੰਦਾ ਰਹਿੰਦਾ ਹੈ । ਇਸੇ 'ਸੂਖਮ' ਹਉਮੈਂ' ਦੇ ਭਰਮ' ਵਿਚ 'ਧਰਮ' ਦੇ ਨਾਉਂ ਉਤੇ :—

ਈਰਖਾ
ਦਵੈਤ
ਸਾੜਾ
ਲਬ-ਲੱਭ
ਤਅੱਸੁਬ
ਵਿਤਕਰੇ
ਵਾਦ-ਵਿਵਾਦ
ਝਗੜੇ
ਲੜਾਈਆਂ
ਜ਼ੁਲਮ

ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੋ ਰਿਹਾ ਹੈ ।

ਹੈਰਾਨੀ ਦੀ ਗਲ ਤਾਂ ਇਹ ਹੈ ਕਿ ਬਾਵਜੂਦ ਇਤਨੀ ਵਿਦਿਆ, ਵਿਗਿਆਨ ਧਾਰਮਿਕ-ਗਿਆਨ ਅਤੇ ਤੀਖਣ-ਬੁੱਧੀ ਦੇ ਸਾਨੂੰ ਆਪਣੇ ਤ੍ਰੈਗੁਣੀ ਮਾਨਸਿਕ 'ਭਰਮ'



gods-goddesses, are also unconsciously afflicted by it.

It is clear from ancient legends of gods and goddesses that they too were not free from the illusion of the love of duality of materialism's me-mine ness and jealousy on account of which they too continued to wrangle with each other in envy.

1 *The angelic beings, goddesses and gods are deluded by doubt.*
*The Siddhas and seekers, and even Brahma are deluded by doubt.* 258

2 *Brahma, Vishnu and Shiva wander in the three qualities, while their egotism and desire increase.*
*The Pandits, the religious scholars and the silent sages read and debate in confusion; their consciousness is centered on the love of duality.*
*The Yogis, wandering pilgrims and Sanyaasees are deluded; without the Guru, they do not find the essence of reality.* 852

Even today the so called gurus, sadhus, sants, scholars, suamis, achaariaas (Brahmin religious teachers), religious leaders, preachers and wisdom-filled 'virtuous' beings, exist within this darkness of materialism's mental 'illusion'. That is why amongst themselves arguments and debates continue to take place. Under the name of religion, in the 'subtle' illusion of egotism:-

jealousy
duality
envy
greed
fanaticism
differences
arguments – debates
quarrels
wars
tyranny

are occupying the centre stage and flourishing.

The surprising thing is that despite so much of education, scientific knowledge, religious-knowledge, and sharp- intellect, we are not even aware

ਦਾ ਅਹਿਸਾਸ ਹੀ ਨਹੀਂ ਹੋ ਸਕਿਆ, ਅਥਵਾ ਸੋਝੀ ਹੀ ਨਹੀਂ ਆਈ !!

ਯਾਦ ਰਖਣ ਵਾਲੀ ਗਲ ਤਾਂ ਇਹ ਹੈ, ਕਿ ਤ੍ਰੈਗੁਣੀ ਮਾਇਕੀ ਮੰਡਲ ਦਾ 'ਭਰਮ' ਭੂਤ-ਪ੍ਰੇਤ ਵਾਂਗ, ਕੋਈ ਅਦ੍ਰਿਸ਼ਟ ਵਜੂਦ ਹਸਤੀ ਨਹੀਂ 'ਅਗਿਆਨਤਾ' ਦੇ 'ਅੰਧਕਾਰ' ਨੂੰ ਹੀ 'ਭਰਮ' ਕਿਹਾ ਗਿਆ ਹੈ ਜੋ ਸਾਡੇ ਜੀਵਨ ਦੇ ਹਰ ਪੱਖ ਵਿਚ 'ਮੈਂ-ਮੇਰੀ' ਰਾਹੀਂ ਸਦੀਵ ਆਪ-ਮੁਹਾਰੇ ਹੀ ਪ੍ਰਗਟ ਹੁੰਦਾ ਰਹਿੰਦਾ ਹੈ।

ਤ੍ਰੈਗੁਣੀ ਮਾਇਕੀ ਮੰਡਲ ਅੰਦਰ, ਹਉਮੈ ਦੇ ਅੰਧਕਾਰ ਵਿਚ—

ਖ਼ਿਆਲਾਂ ਦੀ ਰੰਗਤ

ਮਨ ਦੀ ਕਲਪਨਾ

ਬੁਧੀ ਦਾ ਗਿਆਨ

ਹਿਰਦੇ ਦੇ ਵਲਵਲਿਆਂ

ਵਲਵਲਿਆ ਦੇ ਤਰੰਗ

ਤਰੰਗਾਂ ਦੀਆਂ ਉਡਾਰੀਆ

ਕਰਮ-ਧਰਮ-ਰਸਮ, ਆਦਿ,

ਸਭ ਕੁਝ ਭਰਮ-ਭੁਲੇਖੇ ਦੇ 'ਹਨੇਰ' ਵਿਚ ਹੀ ਕੀਤੇ ਜਾਂਦੇ ਹਨ।

ਹਉ ਵਿਚਿ ਸਚਿਆਰੁ ਕੂੜਿਆਰੁ ॥
ਹਉ ਵਿਚਿ ਪਾਪ ਪੁੰਨ ਵੀਚਾਰੁ ॥ (ਪੰਨਾ—466)

ਕੇਵਲ ਕਰਮ ਭਰਮ ਸੇ ਚੀਨਹੁ
ਧਰਮ ਕਰਮ ਅਨੁਰਾਗੋ। (ਰਾਮਕਲੀ ਪਾ: ੧੦)

ਜਨਮਾਂ ਜਨਮਾਂ ਤੋਂ ਜੀਵ ਇਸ ਭਰਮ-ਭੁਲੇਖੇ ਵਿਚ ਵਿਚਰਦਾ ਹੋਇਆ 'ਮੈਂ-ਮੇਰੀ' ਦਾ ਅਭਿਆਸ ਕਰਦਾ ਆਇਆ ਹੈ। ਇਸ ਲੰਬੇ ਅਰਸੇ ਦੇ ਅਟੁਟ ਅਭਿਆਸ ਦੁਆਰਾ ਸਾਡਾ ਇਹ 'ਭਰਮ-ਭੁਲੇਖਾ' ਸਾਡੇ ਅੰਤਿਸ਼ਕਰਨ ਵਿਚ ਦ੍ਰਿੜ ਹੀ ਨਹੀਂ ਹੋਇਆ ਬਲਕਿ ਸਾਡਾ 'ਸੰਸਕਾਰ' ਹੀ ਬਣ ਗਿਆ ਹੈ। ਇਸ ਤਰਾਂ 'ਜੀਵ' ਇਸ 'ਭਰਮ' ਦਾ ਹੀ 'ਸਰੂਪ' (embodiment) ਬਣ ਚੁਕਿਆ ਹੈ।

ਜੈਸਾ ਸੇਵੈ ਤੈਸੋ ਹੋਇ ॥ (ਪੰਨਾ—224)

(As you think, so you become)

ਇਸ ਦਾ ਮਤਲਬ ਇਹ ਹੈ ਕਿ ਮੁਢਲੇ-ਮਾਨਸਿਕ 'ਭਰਮ' ਵਿਚੋਂ ਹੀ ਸਾਰਾ 'ਸੰਸਾਰ', ਅਥਵਾ ਤ੍ਰੈਗੁਣੀ ਮਾਇਕੀ-ਮੰਡਲ ਉਪਜਿਆ ਹੈ, ਜਿਸ ਵਿਚ ਜੀਵ ਸਹਿਜ-ਸੁਭਾਏ ਹੀ ਪਰਵਿਰਤ ਹੋ ਰਹੇ ਹਨ।



or conscious of the 'illusion' of the three-phases maya or materialism.

The thing to remember is this that the 'illusion' of the three-phased materialistic realm is not some ghost-like invisible form. The darkness of ignorance is itself referred to as 'illusion' which automatically keeps manifesting itself in every facet of life as 'me-mine ness'.

In the darkness of egotism within the three phased realm of materialism

the hue or colouring of thoughts

the imagination of the mind

the knowledge of the intellect

the emotions of the heart

the waves of emotions

the flight of the waves

the deeds-religion-customs

are all carried out in the 'darkness' of doubt-fallacy.

1 *In ego they become truthful or false.*
*In ego they reflect on virtue and sin.* 466

2 *(Beware of) getting engrossed in the illusion of worldly actions. Take pleasure in doing righteous actions (for it is the only way out of this illusion).* Ramkali Shabad P 10

Over numerous births, living his life in the doubt-fallacy, man has been contemplating me-mine ness. This immensely long continuous meditation on doubt-fallacy has not only got ingrained in our subconscious-ness it has also become our 'nature'. In this way 'man' has become an 'embodiment' of 'illusion' (or doubt).

3 *As you think so you become.* 224

This means that the whole 'creation' or the three phased materialistic realm has grown out of the initial-mental 'illusion' in which man has been existing automatically.

ਇਸ 'ਸੰਸਾਰ' ਦਾ ਦੂਜਾ ਨਾਉਂ 'ਭਰਮ' ਕਿਹਾ ਜਾ ਸਕਦਾ ਹੈ। ਤਦੇ ਇਸ ਨੂੰ 'ਸਹਸਾ ਇਹ ਸੰਸਾਰ ਹੈ' ਕਿਹਾ ਗਿਆ ਹੈ।

ਭਰਮੇ ਆਵੈ ਭਰਮੇ ਜਾਇ ॥
ਇਹੁ ਜਗੁ ਜਨਮਿਆ ਦੂਜੈ ਭਾਇ ॥ (ਪੰਨਾ—161)

ਭਾਵੇਂ ਅਸੀਂ ਸਾਰੇ ਇਕੋ ਦ੍ਰਿਸ਼ਟਮਾਨ ਦੁਨੀਆਂ ਵਿਚ ਵਸਦੇ ਹਾਂ, ਪਰ ਹਰ ਇਕ ਜੀਵ ਨੇ ਆਪੋ ਆਪਣੇ 'ਭਰਮ' ਦੀ 'ਰੰਗਤ' ਅਨੁਸਾਰ, ਆਪੋ-ਆਪਣੀ ਅਡਰੀ 'ਦੁਨੀਆਂ' ਦੀ ਕਲਪਨਾ ਕੀਤੀ ਹੋਈ ਹੈ —ਜੋ ਇਕ ਦੂਜੇ ਤੋਂ ਵਿਲੱਖਣ ਤੇ ਅੱਡਰੀ ਹੁੰਦੀ ਹੈ।

ਇਹੋ ਕਾਰਨ ਹੈ ਕਿ ਅਸੀਂ ਇਕ ਦੂਜੇ ਦੀ ਮਨੋਕਲਪਤ ਦੁਨੀਆਂ ਵਿਚ ਝਾਤੀ ਨਹੀਂ ਮਾਰ ਸਕਦੇ ਅਤੇ ਇਕ ਦੂਜੇ ਦੇ ਖ਼ਿਆਲਾਂ, ਨਿਸਚਿਆਂ, ਭਾਵਨਾਵਾਂ ਨੂੰ ਪੂਰੀ ਤਰ੍ਹਾਂ ਨਹੀਂ ਸਮਝ ਸਕਦੇ, ਜਿਸ ਕਾਰਨ ਜੀਵਨ ਦੇ ਹਰ ਪੱਖ ਵਿਚ ਸਾਡਾ ਆਪਸ ਵਿਚ ਵਾਦ-ਵਿਵਾਦ, ਟਾਕਰੇ, ਝਗੜੇ, ਲੜਾਈਆਂ ਹੁੰਦੀਆਂ ਰਹਿੰਦੀਆਂ ਹਨ।

ਸਾਡੇ ਦਿਮਾਗੀ ਗਿਆਨ ਦੀ 'ਖੋਜ' ਭੀ, 'ਖੂਹ ਦੇ ਡੱਡੂ' ਵਾਂਗ, ਸਿਰਫ਼ ਤ੍ਰੈਗੁਣੀ ਮਾਇਕੀ ਮੰਡਲ ਦੇ 'ਭਰਮ-ਗੜ੍ਹ' ਤਾਈਂ ਸੀਮਤ ਹੈ। ਇਸ ਤੋਂ ਉਤੇ ਆਤਮ-ਮੰਡਲ ਦਾ ਗਿਆਨ ਸਾਡੀ ਅਲਪ ਬੁਧੀ ਦੀ ਪਕੜ ਤੋਂ ਪਰੇ ਹੈ।

ਸਾਰਿਆਂ ਜੀਵਾਂ ਦੇ ਖਿਆਲ, ਗਿਆਨ, ਨਿਸਚੇ ਓਹਨਾਂ ਦੇ ਭਰਮਾਂ ਦੀ 'ਰੰਗਤ' ਅਨੁਸਾਰ—ਭਿੰਨ-ਭਿੰਨ ਹੁੰਦੇ ਹਨ, ਜਿਸ ਕਾਰਨ ਇਹਨਾਂ ਵਿਚਕਾਰ ਵਾਦ-ਵਿਵਾਦ, ਵੈਰ-ਵਿਰੋਧ, ਝਗੜੇ, ਲੜਾਈਆਂ 'ਲਾਜ਼ਮੀ' ਹਨ।

ਪਰ, ਆਤਮਿਕ 'ਤਤ-ਗਿਆਨ' ਦਾ ਇਕੋ-ਇਕ 'ਸੋਮਾ'—'ਆਤਮ-ਪ੍ਰਕਾਸ਼' ਹੀ ਹੁੰਦਾ ਹੈ, ਜਿਸ ਵਿਚ ਮਾਨਸਿਕ ਭਰਮ-ਭੁਲੇਖਿਆਂ ਦੇ 'ਹਨੇਰ' ਲਈ ਕੋਈ ਥਾਂ ਨਹੀਂ। ਇਸੇ ਇਕੋ 'ਆਤਮ-ਪ੍ਰਕਾਸ਼' ਦੇ 'ਤੱਤ-ਬੇਤੇ' ਗੁਰਮੁਖ ਜਨ, ਇਲਾਹੀ 'ਪ੍ਰੀਤ-ਡੋਰੀ' ਵਿਚ ਪਰੋਤੇ ਹੁੰਦੇ ਹਨ। ਓਹ ਪ੍ਰੇਮ ਸਵੈਪਨਾ ਵਿਚ ਵਿਚਰਦੇ ਹਨ ਅਤੇ ਓਹਨਾਂ ਦੀ 'ਸਭਨਾ' ਨਾਲ 'ਬਣ' ਆਉਂਦੀ ਹੈ।

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ ॥
(ਪੰਨਾ—1299)



Another name for this 'creation can be said to be 'illusion'. That is why it has been referred to as the 'world of illusion'.

1 *In doubt he comes, and in doubt he goes.*
*This world is born out of the love of duality.* 161

Although we are all living in this visible world, but each person has created for himself a patch or stain of, a separate 'world' according to the colour of his 'illusion' – which is different and separate from one another.

This is the reason why we cannot take a peep into one another's imagined world, cannot completely understand one another's thoughts, inclinations and feelings and also the reason why so many arguments-debates, confrontations, quarrels, fights keep occuring.

The ability of our intellectual knowledge to research too, like the proverbial 'frog in the well', is limited to the three phased materialistic realm's 'fort of illusion'. Higher than this (intellectual knowledge), the knowledge of the divine realm, is well beyond the grasp of our limited mind.

According to the 'colour' of men's illusions, their thoughts, knowledge, inclinations– are different – making it a certainty that they will have arguments-debates, enmity-confrontation, quarrels, fights among them.

But the one and only one 'fountain-head' of divine 'essence-knowledge' is the 'divine-illumination' in which there is no place for the darkness of mental doubt-fallacy. The persons who have the 'essence-knowledge' of 'divine-illumination' are beaded together in the divine 'thread of love'. They abide in the love of the Self (divine soul) within and they get along with everyone.

2 *No one is my enemy, and no one is a stranger. I get along with everyone.* 1299

**ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ ॥**
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ ॥ (ਪੰਨਾ—671)

**ਨਾ ਕੋ ਦੁਸਮਨੁ ਦੋਖੀਆ ਨਾਹੀ ਕੋ ਮੰਦਾ ॥**
ਗੁਰ ਕੀ ਸੇਵਾ ਸੇਵਕੋ ਨਾਨਕ ਖਸਮੈ ਬੰਦਾ ॥ (ਪੰਨਾ—400)

ਪਰ, ਇਹ ਉਚਮ-ਉਚੀ ਆਤਮਿਕ ਅਵਸਥਾ ਦੀ ਪ੍ਰਾਪਤੀ—**'ਅੰਤ੍ਰ-ਆਤਮੇ' 'ਅਨੁਭਵੀ ਪ੍ਰਕਾਸ਼'** ਨਾਲ ਹੀ ਹੋ ਸਕਦੀ ਹੈ।

ਜਿਨਾਂ ਚਿਰ ਮਾਇਕੀ ਭਰਮ-ਭੁਲੇਖੇ ਦੂਰ ਨਹੀਂ ਹੁੰਦੇ—ਅਸੀਂ ਆਪੋ-ਆਪਣੀ **ਭਰਮ ਦੀ ਰੰਗਤ ਵਾਲੀ ਅਡੋ-ਅਡਰੀ ਦ੍ਰਿਸ਼ਟੀ-ਕੋਨ ਤੋਂ ਹੀ ਹਰ ਇਕ ਚੀਜ ਨੂੰ ਦੇਖਦੇ, ਸਮਝਦੇ, ਪਰਖਦੇ ਘੋਖਦੇ ਅਤੇ ਨਤੀਜੇ ਕਢਦੇ ਹਾਂ।** ਇਸੇ ਕਰਕੇ ਕਿਸੇ ਇਕ ਸ਼ੈ ਯਾ ਵਿਸ਼ੇ ਦੀ ਬਾਬਤ ਸਾਡੇ **ਭਿੰਨ-ਭਿੰਨ ਖ਼ਿਆਲ, ਰਾਇ, ਫੈਸਲੇ ਹੁੰਦੇ ਹਨ,** ਜਿਸ ਦੀ ਵਜ੍ਹਾ ਨਾਲ ਸਾਡੀ ਆਪਸ ਵਿਚ ਨਾ-ਇਤਫ਼ਾਕੀ, ਇਖ਼ਤਲਾਫ਼, ਵਾਦ-ਵਿਵਾਦ ਅਤੇ ਵੈਰ-ਵਿਰੋਧ **ਹੋਣੇ ਲਾਜ਼ਮੀ ਹਨ।**

ਨਿਰਸੰਦੇਹ—ਗੁਰਬਾਣੀ ਦੇ ਆਸ਼ੇ ਅਨੁਸਾਰ—ਮਾਨਸਿਕ **ਭਰਮ ਦੇ 'ਹਨੇਰ' ਨੂੰ ਦੂਰ ਕਰਨ ਦਾ ਸਚਾ ਤੇ ਸੌਖਾ ਸਾਧਨ**

ਗੁਰਪ੍ਰਸਾਦਿ
ਸਾਧ ਸੰਗਤ
ਨਾਮ ਸਿਮਰਨ

**ਹੀ ਹੈ।**

**'ਆਤਮਿਕ ਮੰਡਲ' ਦਾ ਗਿਆਨ ਸਿਰਫ਼ ਦੈਵੀ 'ਅਨੁਭਵ' ਦੁਆਰਾ ਹੀ ਜਾਣਿਆ, ਬੁਝਿਆ, ਸੀਝਿਆ, ਮਾਣਿਆ ਜਾ ਸਕਦਾ ਹੈ।**

ਪਰਮਾਰਥ ਅਥਵਾ **'ਆਤਮਿਕ ਮੰਡਲ' ਦੀ ਬਾਬਤ ।ਸਾਡਾ ਗਿਆਨ, ਨਿਸਚਾ :—**

ਪੜ੍ਹਿਆ-ਪੜ੍ਹਾਇਆ
ਸੁਣਿਆ-ਸੁਣਾਇਆ
ਸਮਝਿਆ-ਸਮਝਾਇਆ
ਓਪਰਾ
ਅਧੂਰਾ
ਗਲਤ

**ਦਿਮਾਗੀ ਕਲਪਨਾਵਾਂ ਤਕ ਸੀਮਤ ਹੈ।**



1 *No one is my enemy, and I am no one's enemy.*
*God, who expanded His expanse, is within all; I learned this from the True Guru.* 671

*I have no enemies and no adversaries; no one is wicked to me.*
*That servant, who performs the Lord's service, O Nanak, is the slave of the Lord Master.* 400

But this pure and lofty spiritual stage can only be obtained within the 'innate Self' through 'intuitional illumination'.

Those who materialistic doubt-fallacy is not erased – they will see, understand, investigate, scrutinize and come to conclusions based upon the view-point of their own individual hue or colour of illusion. That is why for every individual thing or subject, our thoughts, suggestions, decisions are different and this is the reason why disunity, disputes, disagreements, enmity-confrontation are bound to take place.

Undoubtedly – according to the wishes of Gurbani – the correct and simplest way is to erase the 'darkness' of illusion is

the Grace of the Guru
the Sadh Sangat
Naam Simran.

The divine knowledge of the 'spiritual realm' can only be known, unraveled, recognised and experienced through divine 'intuition'.

Our (current) knowledge and belief about the spiritual or 'divine realm' that is

| | | |
|---|---|---|
| studied | or | taught |
| heard | or | expounded upon |
| understood | or | made to understand |
| superficial | | |
| imperfect | | |
| wrong | | |

is limited to (the level of) our intellectual imagination.

ਅਸੀਂ ਇਸੇ ਓਪਰੇ, ਅਧੂਰੇ 'ਮਨੋਕਲਪਤ ਗਿਆਨ' ਉਤੇ 'ਸੰਤੁਸ਼ਟ' ਹੀ ਨਹੀਂ, ਬਲਕਿ ਆਫਰੇ ਫਿਰਦੇ ਹਾਂ ! ਅਤੇ ਇਸੇ ਅਧੂਰੇ 'ਮਨੋਕਲਪਤ ਗਿਆਨ' ਦਾ ਹੀ ਪ੍ਰਚਾਰ ਕਰਦੇ ਹਾਂ।

ਗੁਰਬਾਣੀ ਵਿਚ ਇਸ ਦੀ ਬਾਬਤ ਇਉਂ ਤਾੜਨਾ ਕੀਤੀ ਗਈ ਹੈ :—

ਕਥਨੀ ਬਦਨੀ ਕਰਤਾ ਫਿਰੈ ਹੁਕਮੈ ਮੂਲਿ ਨ ਬੁਝਈ ਅੰਧਾ ਕਚੁ ਨਿਕਚੁ ॥ (ਪੰਨਾ—509)

ਕਥਨੀ ਕਹਿ ਭਰਮੁ ਨ ਜਾਈ ॥
ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ—655)

ਕਥਨੀ ਬਦਨੀ ਕਰਤਾ ਫਿਰੈ ਹੁਕਮੁ ਨ ਬੂਝੈ ਸਚੁ ॥ (ਪੰਨਾ—950)

ਗਲਾ ਕਰੇ ਘਣੇਰੀਆ ਖਸਮ ਨ ਪਾਏ ਸਾਦੁ ॥ (ਪੰਨਾ—474)

ਜਿਸ ਤਰ੍ਹਾਂ 'ਹਨੇਰ ਕੋਠੜੀ' ਵਿਚ ਅਸੀਂ ਠੋਕਰਾਂ ਖਾਂਦੇ ਹਾਂ ਅਤੇ ਦੁਖ-ਕਲੇਸ਼ ਭੋਗਦੇ ਹਾਂ, ਇਸੇ ਤਰ੍ਹਾਂ ਤ੍ਰੈਗੁਣੀ ਮਾਇਕੀ ਮੰਡਲ ਦੇ 'ਭਰਮ-ਗੜ੍ਹ' ਵਿਚ ਅਸੀਂ ਸਾਰੀ ਉਮਰ ਆਪਣੇ ਮਾਨਸਿਕ ਭਰਮ-ਭੁਲੇਖਿਆਂ ਵਿਚ 'ਹਨੇਰਾ ਹੀ ਢੋਂਦੇ' ਹਾਂ, ਅਤੇ ਅਨੇਕਾਂ ਗਲਤ ਨਿਸਚਿਆਂ ਦੁਆਰਾ ਨੀਵੇਂ ਕਰਮ ਕਰਦੇ ਹਾਂ, ਜਿਸ ਦਾ ਨਤੀਜਾ ਸਾਨੂੰ ਭੁਗਤਣਾ ਪੈਂਦਾ ਹੈ।

ਭਰਮੇ ਭੂਲਾ ਦੁਖੁ ਘਣੋ ਜਮਿ ਮਾਰਿ ਕਰੈ ਖੁਲਹਾਨ ॥ (ਪੰਨਾ—21)

ਅੰਧਕਾਰ ਸੁਖਿ ਕਬਹਿ ਨ ਸੋਈ ਹੈ ॥ (ਪੰਨਾ—325)

ਤ੍ਰੈਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ।
ਜੰਮਣੁ ਮਰਣੁ ਸਿਰ ਊਪਰਿ, ਊਭਉ ਗਰਭ ਜੋਨਿ ਦੁਖੁ ਪਾਏ ॥ (ਪੰਨਾ—604)

ਮਨਮੁਖ ਦੁਖੀਏ ਸਦਾ ਭ੍ਰਮਿ ਭੂਲੇ
ਤਿਨ੍ਹੀ ਬਿਰਥਾ ਜਨਮੁ ਗਵਾਇਆ ॥ (ਪੰਨਾ—852)

ਅਸੀਂ ਹਉਮੈ ਦੇ 'ਮਾਨਸਿਕ ਭਰਮ' ਵਿਚ ਹੀ ਵਿਚਰਦਿਆਂ ਹੋਇਆਂ, ਆਪਣੇ 'ਕਰਮ-ਧਰਮ' ਦੁਆਰਾ 'ਮੁਕਤੀ' ਭਾਲਦੇ ਹਾਂ—ਪਰ ਗੁਰਬਾਣੀ ਨਿਰਣਾ ਦਿੰਦੀ ਹੈ ਕਿ, ਜਦ ਤਾਈਂ ਸਾਡਾ ਮਾਨਸਿਕ 'ਭਰਮ-ਗੜ੍ਹ' ਨਹੀਂ ਟੁਟਦਾ—ਉਦੋਂ ਤਾਈਂ 'ਮੁਕਤੀ' ਦੀ ਪ੍ਰਾਪਤੀ ਨਹੀਂ ਹੋ ਸਕਦੀ।

ਜਬ ਲਗੁ ਤੂਟੈ ਨਾਹੀ ਮਨ ਭਰਮਾ
ਤਬ ਲਗੁ ਮੁਕਤੁ ਨ ਕੋਈ ॥ (ਪੰਨਾ—680)



We are not only satisfied but seem to be taking a pride at our imperfect 'imagined knowledge' and this is the 'imagined knowledge' that we go about preaching.

*1* *He wanders around babbling and speaking, but he does not understand the Lord's Command at all. He is blind, the falsest of the false.* *509*

*2* *Everyone is tired of preaching and teaching.*
*The Lord causes the Gurmukh to understand;* *655*

*3* *One who merely mouths the words, does not understand the Hukam of the True Lord's Command.* *950*

*4* *He may talk as much as he wants, but he shall not be pleasing to his Master.* *474*

Just as we stumble and face difficulties in a room that is pitch-dark, in the same way in the 'fortress of illusion' of the realm of the three-phased materialism, we keep 'carting away darkness' all of our life, in the mental doubt-fallacy and through numerous wrong beliefs, we commit base deeds, the consequences of which we have to face.

*5* *They wander lost and confused, deceived by doubt, suffering in terrible pain.*
*The Messenger of Death shall beat them to a pulp.* *21*

*6* *In the darkness, no one can sleep in peace.* *325*

*7* *The three-faced Maya had led them astray in doubt, and they are snared by the noose of egotism.*
*Birth and death hang over their heads, and being reborn from the womb, they suffer in pain.* *604*

*8* *The miserable self-willed manmukhs are forever deluded by doubt; they waste away their lives uselessly.* *852*

While abiding in the 'mental doubt' of egotism we are looking for emancipation through the practice of religious rites and rituals – but Gurbani makes it clear that as long as the mental 'fortress of doubt' is not broken, it is impossible to obtain emancipation.

*As long as the doubts of the mind are not removed, liberation is not found.* *680*

L68/17

ਇਹ ਮਾਨਸਿਕ 'ਭਰਮ-ਗੜ੍ਹ' ਅਤਿ ਸਬਲ ਹੈ। ਜਿਸ ਤਰ੍ਹਾਂ ਹਨੇਰੇ ਨੂੰ ਅਸੀਂ ਆਪੂੰ ਦੂਰ ਨਹੀਂ ਕਰ ਸਕਦੇ, ਪਰ ਚਾਨਣ ਹੋਣ ਨਾਲ ਆਪਣੇ ਆਪ ਦੂਰ ਹੋ ਜਾਂਦਾ ਹੈ। ਇਸੇ ਤਰ੍ਹਾਂ ਮਾਨਸਿਕ 'ਭਰਮ ਗੜ੍ਹ' ਭੀ ਅਸੀਂ ਆਪਣੇ-ਆਪ ਨਹੀਂ ਤੋੜ ਸਕਦੇ। ਇਸ ਨੂੰ ਤਾਂ ਗੁਰੂ ਦੀ ਕਿਰਪਾ ਦੁਆਰਾ, 'ਅਨੁਭਵੀ ਪ੍ਰਕਾਸ਼' ਨਾਲ ਹੀ ਤੋੜਿਆ ਜਾ ਸਕਦਾ ਹੈ।

ਗੁਰ ਮਿਲਿ ਜੀਤਾ ਹਰਿ ਹਰਿ ਕੀਤਾ
ਤੂਟੀ ਭੀਤਾ ਭਰਮ ਗੜਾ ॥ (ਪੰਨਾ—453)

ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥
ਗੁਰੂ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥ (ਪੰਨਾ—522)

ਕਾਇਨਾਤ ਦੀ ਰਚਨਾ ਦੇ ਨਾਲ ਹੀ ਪ੍ਰਮਾਤਮਾ ਨੇ 'ਜੀਵ' ਵਿਚ 'ਹਉਮੈਂ' ਦੀ ਅੰਸ਼ ਭਰ ਦਿਤੀ।

ਜਿਨਿ ਰਚਿ ਰਚਿਆ ਪੁਰਖਿ ਬਿਧਾਤੈ, ਨਾਲੇ ਹਉਮੈ ਪਾਈ ॥
ਜਨਮ ਮਰਣੁ ਉਸਹੀ ਕਉ ਹੈ ਰੇ, ਓਹਾ ਆਵੈ ਜਾਈ ॥ (ਪੰਨਾ—999)

ਜਿਸ ਤਰ੍ਹਾਂ ਚਾਨਣ ਦੀ ਅਣਹੋਂਦ ਤੋਂ ਹਨੇਰਾ ਉਤਪੰਨ ਹੁੰਦਾ ਹੈ, ਉਸੇ ਤਰ੍ਹਾਂ 'ਹਉਮੈਂ' ਦਾ ਭਰਮ-ਭੁਲਾਵਾ, ਆਤਮਿਕ ਪ੍ਰਕਾਸ਼ ਦੀ 'ਅਣਹੋਂਦ' ਅਥਵਾ ਪਰਮਾਤਮਾ ਦੀ 'ਭੁਲ' ਤੋਂ ਉਪਜਿਆ ਹੈ।

'ਚਾਨਣ' ਤੇ 'ਹਨੇਰ' ਆਪਸ ਵਿਚ 'ਵਿਰੋਧੀ' ਅੰਸ਼ ਹਨ ਅਤੇ ਇਕੱਠੇ ਨਹੀਂ ਹੋ ਸਕਦੇ।

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ ॥ (ਪੰਨਾ—560)

ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥ (ਪੰਨਾ—657)

ਚਰਣ ਕਮਲ ਰਿਦ ਮਾਹਿ ਸਮਾਏ
ਤਹ ਭਰਮੁ ਅੰਧੇਰਾ ਨਾਹੀ ॥ (ਪੰਨਾ—499)

ਦੀਵਾ ਬਲੈ ਅੰਧੇਰਾ ਜਾਇ ॥ ਬੇਦ ਪਾਠ ਮਤਿ ਪਾਪਾ ਖਾਇ ॥
ਉਗਵੈ ਸੂਰੁ ਨ ਜਾਪੈ ਚੰਦੁ ॥ ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ ॥
(ਪੰਨਾ—791)

'ਹਉਮੈਂ' ਦੇ ਹਨੇਰ ਵਿਚੋਂ ਹੀ, ਸਾਰੇ ਭਰਮ-ਭੁਲੇਖੇ ਉਪਜਦੇ ਹਨ ਅਤੇ



This mental 'fortress of illusion is extremely tough. Just as we cannot remove darkness buy itself, but when light is present the darkness disappears by itself. In the same way the mental 'fortress of illusion' too cannot be removed by itself. By the Grace of the Guru it can be removed by 'intuitional illumination'.

1 *Meeting the Guru, I am victorious; praising the Lord, Har, Har, the walls of the fortress of doubt have been destroyed.* *435*

2 *So tell me - how can the fort of doubt and the moat of Maya be overcome? Worshipping the Perfect Guru, this awesome force is subdued.* *522*

Together with the creation the Primal Being Waheguru has infused the element of 'egotism' in man.

3 *When the Primal Lord, the Architect of Destiny, brought the creation into being, He also infused egotism into it (man).*
*He alone is subjected to births and death; He alone comes and goes.* *999*

Just as the absence of light gives rise to darkness, in the same way the 'doubt-fallacy' of egotism has arisen from the absence of divine light or from the (state of) 'forgetfulness' of the Primal Being.

'Light' and 'darkness' are opposite elements. They cannot exist together.

4 *Ego is opposed to the Name of the Lord; the two do not dwell in the same place.* *560*

5 *When I am in my ego, then You are not with me. Now that You are with me, there is no egotism within me.* *657*

6 *That heart, within which Your lotus feet are enshrined, suffers no darkness or doubt.* *499*

7 *When the lamp is lit, the darkness is dispelled;*
*reading the Vedas, sinful intellect is destroyed.*
*When the sun rises, the moon is not visible.*
*Wherever spiritual wisdom appears, ignorance is dispelled.* *791*

It is from the darkness of 'egotism' that all 'doubt-fallacies' sprout and

ਇਹਨਾਂ **'ਭਰਮ-ਭੁਲੇਖਿਆਂ' ਵਿਚ ਹੀ,** ਅਸੀਂ **'ਕਰਮ-ਬਧ' ਹੋਕੇ, ਸਾਰੀ ਉਮਰ 'ਅੰਧਕਾਰ' ਦੇ 'ਭਰਮ-ਗੜ੍ਹ' ਵਿਚ ਹੀ,** ਪਲਚ ਪਲਚ ਕੇ ਜੀਵਨ ਬਿਤਾ ਰਹੇ ਹਾਂ।

ਮਨਮੁਖਿ ਭੂਲੇ ਸਭਿ ਮਰਹਿ ਗਵਾਰ ॥
**ਭਵਜਲਿ ਡੂਬੇ ਨ ਉਰਵਾਰਿ ਨ ਪਾਰਿ ॥** (ਪੰਨਾ—665)

ਮਨਮੁਖ ਅਗਿਆਨਿ ਕੁਮਾਰਗਿ ਪਾਏ ॥
ਹਰਿ ਨਾਮੁ ਬਿਸਾਰਿਆ ਬਹੁ ਕਰਮ ਦ੍ਰਿੜਾਏ ॥
**ਭਵਜਲਿ ਡੂਬੇ ਦੂਜੈ ਭਾਇ ॥** (ਪੰਨਾ—231)

**ਨਾ ਉਰਵਾਰ ਨ ਪਾਰੁ ਹੈ ਗੋਤੇ ਖਾਨਿ ਭਰਮੁ ਸਿਰਿ ਭਾਰਾ ॥**
(ਵਾ: ਭਾ: ਗੁ: 33/1)

ਪਰ ਸਾਨੂੰ **ਇਸ ਗਲ ਦੀ ਸੋਝੀ ਹੀ ਨਹੀਂ,** ਅਤੇ ਇਸ **'ਭਰਮ-ਗੜ੍ਹ' ਵਿਚ ਵਿਚਰਨ ਨੂੰ ਹੀ, 'ਸਿਆਣਪ' ਸਮਝੀ ਬੈਠੇ** ਹਾਂ ਅਤੇ 'ਖੂਹ ਦੇ ਡੱਡੂ' ਵਾਂਗ, ਇਸ ਵਿਚ ਪੂਰਨ ਤੌਰ ਤੇ ਸੰਤੁਸ਼ਟ ਹੀ ਨਹੀਂ ਬਲਕਿ ਆਫਰੇ ਫਿਰਦੇ ਹਾਂ।

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਦੇਸੁ ਨ ਬੂਝ ॥ (ਪੰਨਾ—346)

ਇਸੇ ਲਈ ਸਾਨੂੰ **ਇਸ ਅੰਧੇਰ-ਖਾਤੇ ਵਿਚੋਂ ਨਿਕਲਨ ਦਾ ਕਦੇ ਖਿਆਲ ਹੀ ਨਹੀਂ ਆਇਆ!** ਜੇਕਰ ਸਤਸੰਗਤ ਕਰਦਿਆਂ ਕਿਸੇ ਨੂੰ ਮੋਹ-ਮਾਇਆ ਦੇ ਹਨੇਰ ਵਿਚੋਂ ਨਿਕਲਨ ਦਾ **ਖਿਆਲ ਆਉਂਦਾ ਭੀ ਹੈ, ਤਾਂ ਇਸ ਪ੍ਰਤੀ ਸਾਡੇ ਉਦਮ ਭੀ 'ਹਉਮੈ' ਦੇ ਆਧਾਰ ਤੇ ਹੁੰਦੇ ਹਨ** —ਜਿਸ ਕਾਰਨ ਸਾਡੀ **ਹਉਮੈ-ਵੇੜੀ ਘਾਲਨਾ ਨਿਸਫਲ ਜਾਂਦੀ ਹੈ।**

ਗੁਰਬਾਣੀ ਇਸ ਗਲ ਨੂੰ ਇਉਂ ਸਪਸ਼ਟ ਕਰਦੀ ਹੈ :—
**ਕੋਟਿ ਕਰਮ ਕਰੈ ਹਉ ਧਾਰੇ ॥**
**ਸ੍ਰਮੁ ਪਾਵੈ ਸਗਲੇ ਬਿਰਥਾਰੇ ॥** (ਪੰਨਾ 278)

ਹਉ ਵਿਚਿ ਸਚਿਆਰੁ ਕੂੜਿਆਰੁ ॥
**ਹਉ ਵਿਚਿ ਪਾਪ ਪੁੰਨ ਵੀਚਾਰੁ ॥** (ਪੰਨਾ—466)
ਤੀਰਥ ਬਰਤ ਅਰੁ ਦਾਨ ਕਰਿ **ਮਨ ਮਹਿ ਧਰੈ ਗੁਮਾਨੁ ॥**
**ਨਾਨਕ ਨਿਹਫਲ ਜਾਤ ਤਿਹ** ਜਿਉ ਕੁੰਚਰ ਇਸਨਾਨੁ (ਪੰਨਾ—1428)

ਹਨੇਰਾ, ਆਪਣੇ ਆਪ ਨੂੰ **'ਦੇਖ' ਜਾਂ 'ਬੂਝ'** ਨਹੀਂ ਸਕਦਾ **'ਚਾਨਣ' ਦੇ ਪ੍ਰਕਾਸ਼ ਨਾਲ ਹੀ 'ਹਨੇਰੇ' ਦੀ ਝੂਠੀ ਹੋਂਦ ਨੂੰ ਬੁਝਿਆ ਜਾ ਸਕਦਾ** ਹੈ। ਉਸੇ ਤਰਾਂ



becoming 'action-bound' in these doubt fallacies we spend the whole life getting enmeshed and ensnared in the 'darkness' of the 'doubt-fortress'.

1 *The foolish self-willed manmukhs all go astray and die.*
*They drown in the terrifying world-ocean, and they cannot reach either this shore, or the one beyond.* 665

2 *The self-willed manmukhs, in ignorance, take the path of evil.*
*They forget the Lord's Name, and in its place, they establish all sorts of rituals.*
*They drown in the terrifying world-ocean, in the love of duality.* 231

3 *(In the ocean of creation) they are neither here nor there (drifting) getting suffocated and immersed as they are carrying the burden of delusion on their heads.* VBG33/1

But we are not aware of this. We think it is smart abiding in the 'fortress of illusion' and like a proverbial 'frog in the well' apart from being totally satisfied (with this situation), we even gloat about it.

4 *The frog in the deep well knows nothing of its own country or other lands.* 346

This is why we have never ever thought of getting out of this arena of darkness! Even if someone, while doing satsang, gets an idea of getting out of this darkness of materialistic-attachment, then our efforts in this direction too are based on 'egotism' – this being the reason why our ego-ridden effort goes fruitless.

Gurbani clarifies this point in the following way:-

5 *If someone does millions of good deeds, while acting in ego,*
*he shall incur only trouble; all this is in vain.* 278

6 *In ego they become truthful or false.*
*In ego they reflect on virtue and sin.* 466

7 *Those who make pilgrimages to sacred shrines, observe ritualistic fasts and make donations to charity while still taking pride in their minds*
*- O Nanak, their actions are useless, like the elephant, who takes a bath, and then rolls in the dust.* 1428

Darkness cannot 'see' or 'unravel' itself. Only with the illumination of 'light' can the false presence of 'darkness be unraveled. In the same way

ਤ੍ਰੈਗੁਣੀ ਮਾਇਕੀ ਭਰਮ-ਭੁਲਾਵੇ ਨੂੰ ਅਸੀਂ ਆਪਣੇ ਆਪ ਨਹੀਂ ਬੁਝ ਸਕਦੇ । ਆਤਮ ਪ੍ਰਕਾਸ਼ ਹੋਣ ਤੇ, ਇਹ ਭਰਮ-ਭੁਲਾਵੇ ਦੇ ਭੇਦ ਦਾ ਪਤਾ ਲਗਦਾ ਹੈ ਤੇ ਸਾਰੇ 'ਭਰਮ' 'ਆਪ-ਮੁਹਾਰੇ' ਹੀ ਉਡ-ਪੁਡ ਜਾਂਦੇ ਹਨ ।

ਹਉਮੈ ਵਡਾ ਗੁਬਾਰੁ ਹੈ
ਹਉਮੈ ਵਿਚਿ ਬੁਝਿ ਨ ਸਕੈ ਕੋਇ ॥ (ਪੰਨਾ—560)

ਇਹੁ ਜਗਤੁ ਭਰਮਿ ਭੁਲਾਇਆ ਵਿਰਲਾ ਬੂਝੈ ਕੋਇ ॥
(ਪੰਨਾ—558)

ਬਿਨੁ ਬੂਝੇ ਸਭੁ ਦੁਖੁ ਦੁਖੁ ਕਮਾਵਣਾ ॥ (ਪੰਨਾ - 752)

ਅਗਿਆਨਤਾ ਰੂਪੀ ਹਨੇਰ ਤੋਂ ਉਪਜੇ
ਅਧੂਰੇ ਤੇ ਗਲਤ ਖਿਆਲ ਤੇ ਨਿਸਚੇ

ਅਤੇ

ਆਤਮਿਕ ਪ੍ਰਕਾਸ਼ ਦਾ
ਅਨੁਭਵੀ ਪੂਰਨ ਤੱਤ-ਗਿਆਨ
ਆਪਸ ਵਿਚ ਵਿਰੋਧੀ ਤੇ ਉਲਟ ਹੋਣੇ ਲਾਜ਼ਮੀ ਹਨ ।

ਗੁਰਬਾਣੀ ਇਹਨਾਂ ਵਿਰੋਧੀ ਨਿਸਚਿਆਂ ਨੂੰ ਇਉਂ ਦਰਸਾਉਂਦੀ ਹੈ :—

ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ ॥
ਹੋਵਨੁ ਕਉਰਾ ਅਨਹੋਵਨੁ ਮੀਠਾ ਬਿਖਿਆ ਮਹਿ ਲਪਟਾਇ ਜਰੇ ॥
(ਪੰਨਾ - 823)

"ਜੋ ਪਰਾਇਓ ਸੋਈ ਅਪਨਾ ॥ ਜੋ ਤਜਿ ਛੋਡਨ ਤਿਸੁ ਸਿਉ ਮਨੁ ਰਚਨਾ ॥
ਝੂਠੁ ਬਾਤ ਸਾ ਸਚੁ ਕਰਿ ਜਾਤੀ ॥ ਸਤਿ ਹੋਵਨੁ ਮਨਿ ਲਗੈ ਨ ਰਾਤੀ ॥"
(ਪੰਨਾ—185)

ਇਸ ਤ੍ਰੈਗੁਣੀ ਮਾਇਕੀ 'ਭਰਮ' ਨੂੰ ਅਸੀਂ ਆਪਣੀ ਹਉਮੈ-ਵੇੜ੍ਹੀ ਸੀਮਤ ਬੁਧੀ ਦੀ ਸਿਆਣਪ ਅਤੇ ਫੋਕੇ ਗਿਆਨ ਨਾਲ ਹੀ ਮੇਟਨ ਦੇ ਅਜਾਈਂ ਉਪਰਾਲੇ ਵਿਚ ਹੀ ਸੰਤੁਸ਼ਟ ਹਾਂ, ਪਰ ਗੁਰਬਾਣੀ ਅਨੁਸਾਰ ਇਹ ਸਾਰੇ ਜਤਨ ਬਿਰਥਾ ਹਨ :—

ਕਥਨੀ ਕਹਿ ਭਰਮੁ ਨ ਜਾਈ ॥



we ourselves cannot unravel the doubt-fallacy of materialistic attachment. Only upon the presence of Divine Illumination, when all the illusions 'spontaneously' take flight, that the secret of this doubt-fallacy can be known.

1 *Egotism is total darkness; in egotism, no one can understand anything.* *560*

2 *This world is deluded by doubt; how rare are those who understand this.* *558*

3 *Without understanding, everything is suffering, earning only more suffering.* *752*

It is inevitable that

The imperfect and wrong thoughts and beliefs
that arise from the darkness of ignorance

and

intuitional perfect essence-knowledge
of the Divine Illumination

are antagonistic to and opposite of each other

Gurbani has this to say about these opposite tendencies:-

4 *You purchase glass, and discard gold; you are in love with your enemy, while you renounce your true friend.*
*That which exists, seems bitter; that which does not exist, seems sweet to you.*
*Engrossed in corruption, you are burning away.* *823*

5 *That which belongs to another - he claims as his own.*
*That which he must abandon - to that, his mind is attracted....*
*That which is false - he deems as true.*
*That which is true - his mind is not attached to that at all.* *185*

We appear to be satisfied in trying to erase the three phased materialistic 'illusion' with the fruitless effort of our intellect and hollow knowledge but according to Gurbani all these efforts are unproductive:-

6 *By preaching sermons, one's doubt is not dispelled.*

ਸਭ ਕਥਿ ਕਥਿ ਰਹੀ ਲੁਕਾਈ ॥ (ਪੰਨਾ—655)

**ਬਹੁਤੁ ਸਿਆਣਪ ਭਰਮੁ ਨ ਜਾਏ ॥**

ਪਚਿ ਪਚਿ ਮੁਏ ਅਚੇਤ ਨ ਚੇਤਹਿ
ਅਜਗਰਿ ਭਾਰਿ ਲਦਾਈ ਹੇ ॥ (ਪੰਨਾ—1055)

**ਜਉ ਲਉ ਰਿਦੈ ਨਹੀ ਪਰਗਾਸਾ**
**ਤਉ ਲਉ ਅੰਧ ਅੰਧਾਰਾ ॥** (ਪੰਨਾ—1205)

ਜਿਸ ਤਰਾਂ ਚਾਨਣ ਦੇ 'ਪ੍ਰਕਾਸ਼' ਨਾਲ ਹੀ ਹਨੇਰਾ ਦੂਰ ਹੋ ਸਕਦਾ ਹੈ, **ਉਸੇ** ਤਰਾਂ ਇਹ ਤ੍ਰੈਗੁਣੀ ਮਾਇਕੀ 'ਭਰਮ' **ਸਿਰਫ ਅਨੁਭਵੀ ਆਤਮ ਪ੍ਰਕਾਸ਼ ਦੁਆਰਾ ਹੀ ਮੇਟਿਆ ਜਾ ਸਕਦਾ** ਹੈ।

**ਅੰਧਕਾਰ ਮਹਿ ਰਤਨੁ ਪ੍ਰਗਾਸਿਓ** ਮਲੀਨ ਬੁਧਿ ਹਛਨਈ ॥ (ਪੰਨਾ—402)

ਨਾਨਕ ਗੁਰਮੁਖਿ **ਗਿਆਨੁ ਪ੍ਰਗਾਸਿਆ**
**ਤਿਮਰ ਅਗਿਆਨੁ ਅੰਧੇਰੁ ਚੁਕਾਇਆ ॥** (ਪੰਨਾ—852)

**ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ**
**ਅਵਰੁ ਨ ਦੀਸੈ ਏਕ ਬਿਨਾ ॥** (ਪੰਨਾ—1079)

ਜਨ ਨਾਨਕ **ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥**
(ਪੰਨਾ—684)

ਨਿਰਸੰਦੇਹ ਇਹ '**ਆਧਿਆਤਮਕ ਗਿਆਨ**'-ਗੁਰੂ ਦੀ ਕਿਰਪਾ ਦੁਆਰਾ **ਅਨੁਭਵ** ਰਾਹੀਂ **ਹੀ ਪ੍ਰਾਪਤ ਹੋ ਸਕਦਾ ਹੈ।**

ਤਿਮਰ ਅਗਿਆਨੁ ਗਵਾਇਆ
ਗੁਰ ਗਿਆਨ ਅੰਜਨੁ ਗੁਰਿ ਪਾਇਆ ਰਾਮ ।

ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ
**ਅਗਿਆਨ ਅੰਧੇਰ ਬਿਨਾਸੇ ॥** (ਪੰਨਾ—573)

**ਬਿਨੁ ਗੁਰ ਬਜਰ ਕਪਾਟ ਨ ਖੁਲਹਿ**
ਸਬਦਿ ਮਿਲੈ ਨਿਸਤਾਰਾ ਹੇ ॥ (ਪੰਨਾ—1027)

ਆਨਦ ਰੂਪ ਅਨੂਪ ਅਗੋਚਰ
**ਗੁਰ ਮਿਲਿਐ ਭਰਮੁ ਜਾਇਆ ॥** (ਪੰਨਾ—1042)

ਗੁਰ ਪੂਰੇ ਕੀ ਪਉ ਸਰਣਾਈ ॥
ਮੋਹੁ ਸੋਗੁ ਸਭੁ ਭਰਮੁ ਮਿਟਾਈ ॥ (ਪੰਨਾ—1077)

**ਚਲਦਾ......**



*Everyone is tired of preaching and teaching.* 655

1 *Even great cleverness does not dispel doubt.*
*The unconscious fool does not remain conscious of the Lord; he putrifies and rots away to death, carrying his heavy load of sin.* 1025

2 *But as long as his heart is not enlightened,*
*he is stuck in pitch black darkness.* 1205

As the darkness disappears with the 'illumination' of light, in the same way this three phased materialistic 'illusion' can only be erased with intuitional divine illumination.

3 *In the darkness, the jewel shines forth, and the impure understanding has become pure.* 402

4 *O Nanak, the spiritual wisdom of the Gurmukh shines forth; the black darkness of ignorance is dispelled.* 852

5 *The ointment of the Guru's spiritual wisdom has eradicated all doubts; except the One Lord, I do not see any other at all.* 1079

6 *O servant Nanak, without knowing one's own self, the moss of doubt is not removed.* 684

There is no doubt that this 'spiritual-knowledge' can only be obtained through intuition by the Grace of the Guru.

7 *The darkness of my ignorance was dispelled, when the Guru applied the healing ointment of spiritual wisdom to my eyes.*
*The True Guru has applied the healing ointment of spiritual wisdom to my eyes, and the darkness of ignorance has been dispelled.* 573

8 *Without the Guru, the heavy, hard doors are not opened. Obtaining the Word of the Shabad, one is emancipated.* 1027

9 *Through God is the embodiment of bliss, incomparably beautiful and unfathomable; meeting with the Guru, doubt is dispelled..* 1042

10 *Seek the Sanctuary of the Perfect Guru.*
*He shall eradicate all emotional attachment, sorrow and doubt.* 1077

Cont/.....Lekh 70

L68/21